MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 20 SATURDAY, 20 MAY, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਕੈਨੇਡਾ ਤੇ ਦੱਖਣੀ ਕੋਰੀਆ ਸਵੱਛ ਊਰਜਾ ਸਪਲਾਈ ਚੇਨ ਲਈ ਮਿਲ ਕੇ ਕੰਮ ਕਰਨ ਵਾਸਤੇ ਸਹਿਮਤ



ਸਿਓਲ-ਕੈਨੇਡਾ ਤੇ ਦੱਖਣੀ ਕੋਰੀਆ ਨੇ ਅਹਿਮ ਖਣਿਜਾਂ ਲਈ ਚੇਨ ਸਪਲਾਈ ਅਤੇ ਨੌਜਵਾਨਾਂ ਦੀ ਗਤੀਸ਼ੀਲਤਾ ਸਬੰਧੀ ਨਵੇਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਦਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨਾਲ ਗੱਲਬਾਤ ਕੀਤੀ। ਆਰਥਿਕ ਅਤੇ ਸਭਿਆਚਾਰਕ ਸਬੰਧਾਂ ਨੂੰ ਵਧਾਉਣ ਦੀ ਸਾਂਝੀ ਕੋਸ਼ਿਸ਼ ਇਸ ਲਈ ਕੀਤੀ ਗਈ ਕਿਉਂਕਿ ਦੋਵੇਂ ਦੇਸ਼ਾਂ ਦਾ ਉਦੇਸ਼ ਚੀਨ 'ਤੇ ਆਪਣੀ ਨਿਰਭਰਤਾ ਨੂੰ ਘਟਾਉਣਾ ਹੈ। ਸਿਓਲ ਵਿਖੇ ਟਰੂਡੋ ਨਾਲ ਸਾਂਝੀ ਪ੍ਰੈਸ ਕਾਨਫਰੰਸ ਵਿਚ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੇਓਲ ਨੇ ਕਿਹਾ ਕਿ ਅਸੀਂ ਦੋਵੇਂ ਇਹ ਗੱਲ ਮੰਨਦੇ ਹਾਂ ਕਿ ਚੀਨ ਨਾ ਸਿਰਫ ਇਕ ਰੀਜਨ ਦਾ ਮਹੱਤਵਪੂਰਣ ਆਰਥਿਕ ਭਾਈਵਾਲ ਹੈ ਬਲਕਿ ਪੂਰੀ ਦੁਨੀਆਂ ਦਾ ਹੈ। ਟਰੂਡੋ ਨੇ ਕਿਹਾ ਕਿ ਸਾਨੂੰ ਇਹ ਸਪਸ਼ਟ ਨਜ਼ਰ ਰੱਖਣੀ ਦੀ ਲੋੜ ਹੈ ਕਿ ਸਾਨੂੰ ਚੀਨ ਨਾਲ ਕਿਥੇ ਸਹਿਯੋਗ ਕਰਨਾ ਚਾਹੀਦਾ ਹੈ। ਕੈਨੇਡਾ ਨੇ ਪਿਛਲੇ ਸਾਲ ਮਾਂਟਰੀਅਲ ਵਿਚ ਦੱਖਣੀ *(ਬਾਕੀ ਸਫ਼ਾ 7 'ਤੇ)*

# ਪੀਅਰ ਪੋਲੀਵਰ ਨੂੰ ਆ ਰਹੀ ਜ਼ਿਮਨੀ ਚੋਣ ਵਿਚ ਪਹਿਲੀ ਵੱਡੀ ਚੋਣ ਪ੍ਰੀਖਿਆ ਦਾ ਸਾਹਮਣਾ

ਓਟਵਾ-ਹੁਣ ਜਦੋਂ 19 ਜੂਨ ਨੂੰ ਚਾਰ ਸੀਟਾਂ 'ਤੇ ਉਪ ਚੋਣ ਹੋ ਰਹੀ ਹੈ ਤਾਂ ਚੋਣ ਵਿਸ਼ਲੇਸ਼ਕ ਕਹਿ ਰਹੇ ਹਨ ਕਿ ਕੰਸਰਵੇਟਿਵ ਨੇਤਾ ਬਣਨ ਪਿੱਛੋਂ ਇਹ ਪੀਅਰ ਪੋਲੀਵਰ ਅਤੇ ਉਨ੍ਹਾਂ ਦੀ ਕੰਪੇਨ ਟੀਮ ਦੀ ਪਹਿਲੀ ਵੱਡੀ ਚੋਣ ਪ੍ਰੀਖਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਤਵਾਰ ਐਲਾਨ ਕੀਤਾ ਕਿ ਸਾਬਕਾ ਲਿਬਰਲ ਕੈਬਨਿਟ ਮੰਤਰੀ ਜਿਮ ਕਾਰ ਦੀ ਮੌਤ ਨਾਲ ਖਾਲੀ ਹੋਈ ਵਿਨੀਪੈਗ ਸਾਊਥ ਸੈਂਟਰ ਸੀਟ 'ਤੇ ਉਪ ਚੋਣ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਐਮਪੀਜ਼ ਜਿਹੜੇ ਫੈਡਰਲ ਰਾਜਨੀਤੀ ਤੋਂ ਸੰਨਿਆਸ ਲੈ ਚੁੱਕੇ ਹਨ ਦੀ ਥਾਂ ਲੈਣ ਲਈ ਤਿੰਨ ਹੋਰ ਥਾਵਾਂ 'ਤੇ ਜ਼ਿਮਨੀ ਚੋਣ ਹੋਵੇਗੀ। ਚੋਣ ਵਿਸ਼ਲੇਸ਼ਕ ਨਿਕ ਨੈਨੋਸ ਨੇ ਕਿਹਾ ਕਿ ਉਪ ਚੋਣਾਂ ਪੋਲੀਵਰ ਜਿਹੜੇ ਪਿਛਲੇ ਸਾਲ ਸਤੰਬਰ ਵਿਚ ਨੇਤਾ ਬਣੇ ਸਨ ਤਹਿਤ ਕੰਸਰਵੇਟਿਵਾਂ ਦੇ ਸੰਦੇਸ਼ਾਂ ਤੇ ਕੰਪੇਨਜ਼ ਦੀ ਅਜ਼ਮਾਇਸ਼ ਹੋਣਗੀਆਂ। ਨੈਨੋਸ ਰਿਸਰਚ ਦੇ ਚੇਅਰਮੈਨ ਨੇ ਕਿਹਾ ਕਿ ਕੈਨੇਡੀਅਨ ਇਸ ਗੱਲ 'ਤੇ ਨੇੜਿਓਂ ਨਜ਼ਰ ਰੱਖਣਗੇ ਕਿ ਪੋਲੀਵਰੇ ਦੀ ਪਾਰਟੀ ਕਿਵੇਂ ਪ੍ਰਦਰਸ਼ਨ ਕਰਦੀ ਹੈ, ਕੀ ਇਸ ਦਾ ਵੋਟ ਹਿੱਸਾ ਵਧਦਾ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਉਪ ਚੋਣ ਨਤੀਜੇ ਇਸ ਗੱਲ ਦਾ ਸੰਕੇਤ ਹੋਣ ਕਿ ਕੀ ਟੋਰੀਜ਼ ਅਗਲੀਆਂ ਆਮ ਚੋਣਾਂ ਦੀ ਤਿਆਰੀ ਲਈ ਆਧਾਰ ਬਣਾ ਰਹੇ ਹਨ ਜਾਂ ਨਹੀਂ, ਇਹ ਸਕੂਲੀ ਵਿਦਿਆਰਥੀਆਂ ਦੇ ਅਚਨਚੇਤ ਲਏ ਟੈਸਟ ਵਾਂਗ ਹੈ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਕੋਈ ਵਿਦਿਆਰਥੀ ਪੱਕੇ ਇਮਤਿਹਾਨਾਂ ਵਿਚ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਦਿਖਾਵੇਗਾ। ਨੈਨੋਸ ਨੇ ਕਿਹਾ ਕਿ ਵੋਟਰ ਉਪ ਚੋਣਾਂ ਵਿਚ ਵੋਟਿੰਗ ਕਰਦੇ ਸਮੇਂ ਫਰੀ ਏਜੰਟਸ ਵਾਂਗ ਮਹਿਸੂਸ ਕਰਨਗੇ ਕਿਉਂਕਿ ਇਨ੍ਹਾਂ ਨਤੀਜਿਆਂ ਦਾ ਸਰਕਾਰ



ਬਣਾਉਣ 'ਤੇ ਅਸਰ ਨਹੀਂ ਪਵੇਗਾ। ਪੋਲੀਵਰੇ ਦੇ ਅਹੁਦਾ ਸੰਭਾਲਣ ਪਿੱਛੋਂ ਓਨਟਾਰੀਓ ਦੇ ਮਿਸੀਸਾਗਾ-ਲੇਕਸ਼ੋਰ ਹਲਕੇ ਵਿਚ ਉਪ ਚੋਣ ਹੋਈ ਸੀ ਜਿਸ ਨੂੰ ਲਿਬਰਲਜ਼ ਨੇ ਆਰਾਮ ਨਾਲ ਜਿੱਤ ਲਿਆ ਸੀ। ਚੋਣ ਵਿਸ਼ਲੇਸ਼ਣ ਮੇਨਸਟਰੀਟ ਰਿਸਰਚ ਦੇ ਪ੍ਰਧਾਨ ਕਿਊਟੋ ਮੈਗੀ ਨੇ ਕਿਹਾ ਕਿ ਉਪ ਚੋਣ ਪੋਲੀਵਰ ਅਤੇ ਉਨ੍ਹਾਂ ਦੀ ਟੀਮ ਅਤੇ ਉਨ੍ਹਾਂ ਦੀ ਪਾਰਟੀ ਦੀ ਪ੍ਰਚਾਰ ਰਣਨੀਤੀ ਅਤੇ ਕਾਰਵਾਈਆਂ ਦੀ ਪਹਿਲੀ ਵੱਡੀ ਪ੍ਰੀਖਿਆ ਹੈ।

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
-Complete Denture
-Implant Denture
-Partial Denture
-Reline, Rebase
-Emergency Repair
-Mouth / Night Guard
Open Seven Days | Care Home Mobile Service
Abbotsford Location Opening on March 15th
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਦੀ ਰੀਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

RR Renovation
• Full House Renovation
• Basement Renovation
• Washroom Renovation
• Kitchen Renovation
• Flooring= Tiles/ Laminate
All Framing/ Sundeck
Plumbing
Siding
Electric
Paint
Drywall
FREE Estimate
Quality Work
Ravinder Rana 236 632 2116
Sandeep Singh-778 317 2200
ravinders141991@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
When you need strong legal representation
We lend a helping hand.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
An injury or legal dispute can leave you feeling lost. As a team with over 50 years' experience, we sit and listen. Our team understands Canadian law and how it relates to your rights, whether that means injury and compensation or settling a family dispute.
BBB ACCREDITED BUSINESS
We have translators fluent in Hindi, Punjabi, and Gujarati.
Reach out for a legal consultation. We'll advise you on the next steps as caring and experienced legal advocates ready to work in your best interests and safeguard your rights.
604 229 6448
simpsonthomas.com
701-13761 96th Avenue, Surrey, BC V3V 0E8
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting • Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 20 SATURDAY, 20 MAY, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਸਿੱਧਾਰਮਈਆ ਕਰਨਾਟਕ ਦੇ ਨਵੇਂ ਮੁੱਖ ਮੰਤਰੀ ਹੋਣਗੇ

ਬੰਗਲੌਰ-ਪਿਛਲੇ ਕਈ ਦਿਨਾਂ ਤੋਂ ਬਣੇ ਸ਼ਸ਼ੋਪੰਜ ਨੂੰ ਖ਼ਤਮ ਕਰਦਿਆਂ ਕਾਂਗਰਸ ਨੇ ਅੱਜ ਸਿੱਧਾਰਮਈਆ(75) ਨੂੰ ਕਰਨਾਟਕ ਦਾ ਅਗਲਾ ਮੁੱਖ ਮੰਤਰੀ ਐਲਾਨ ਦਿੱਤਾ ਹੈ। ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਡੀ.ਕੇ.ਸ਼ਿਵਕੁਮਾਰ(61) ਜਲਦੀ ਹੀ ਗਠਿਤ ਹੋ ਰਹੀ ਕੈਬਨਿਟ ਵਿੱਚ ਉਪ ਮੁੱਖ ਮੰਤਰੀ ਹੋਣਗੇ। ਇਹ ਦੋਵੇਂ ਆਗੂ, ਜੋ ਇਸ ਸਿਖਰਲੇ ਅਹੁਦੇ ਲਈ ਪ੍ਰਮੁੱਖ ਦਾਅਵੇਦਾਰ ਸਨ, 20 ਮਈ ਨੂੰ ਹੋਰਨਾਂ ਮੰਤਰੀਆਂ ਨਾਲ ਹਲਫ਼ ਲੈਣਗੇ। ਸੂਤਰਾਂ ਮੁਤਾਬਕ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਨਾਲ 20 ਦੇ ਕਰੀਬ ਮੰਤਰੀ ਹਲਫ਼ ਲੈਣਗੇ, ਜਿਨ੍ਹਾਂ ਵਿਚੋਂ ਕੁਝ ਸੂਬਾਈ ਵਿਧਾਨ ਪ੍ਰੀਸ਼ਦ 'ਚੋਂ ਹੋਣਗੇ। ਇਸੇ ਦੌਰਾਨ ਬੰਗਲੂਰੂ ਵਿੱਚ ਕਾਂਗਰਸ ਵਿਧਾਇਕ ਦਲ (ਸੀਐੱਲਪੀ) ਨੇ ਨੌਂ ਵਾਰ ਦੇ ਵਿਧਾਇਕ ਸਿੱਧਾਰਮਈਆ ਨੂੰ ਰਸਮੀ ਤੌਰ 'ਤੇ ਆਪਣਾ ਆਗੂ ਚੁਣ ਲਿਆ, ਜਿਸ ਮਗਰੋਂ ਉਨ੍ਹਾਂ ਰਾਜਪਾਲ ਥਾਵਰਚੰਦ ਗਹਿਲੋਤ ਨੂੰ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਕਾਂਗਰਸ ਦੇ ਜਨਰਲ ਸਕੱਤਰ(ਜਥੇਬੰਦੀ) ਕੇ.ਸੀ.ਵੇਣੂਗੋਪਾਲ ਨੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਲਏ ਉਪਰੋਕਤ ਫੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ ਪਾਰਟੀ ਹਾਈ ਕਮਾਨ ਸਣੇ ਸਾਰੇ ਆਗੂਆਂ ਨੇ ਕਰਨਾਟਕ ਵਿੱਚ ਜਿੱਤ ਨੂੰ ਹਕੀਕੀ ਰੂਪ ਦੇਣ ਵਿੱਚ ਬਹੁਤ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ, "ਅਸੀਂ ਸਿੱਧਾਰਮਈਆ ਨੂੰ ਕਰਨਾਟਕ ਦਾ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਕੀਤਾ ਹੈ। ਡੀ.ਕੇ. ਸ਼ਿਵਕੁਮਾਰ ਸਰਕਾਰ ਵਿੱਚ ਇਕੋ ਇਕ ਉਪ ਮੁੱਖ ਮੰਤਰੀ ਹੋਣਗੇ।" ਉਨ੍ਹਾਂ ਕਿਹਾ ਕਿ ਸ਼ਿਵਕੁਮਾਰ ਅਗਲੇ



ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਕਰਨਾਟਕ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ। ਵੇਣੂਗੋਪਾਲ ਨੇ ਕਿਹਾ ਕਿ ਹਲਫ਼ਦਾਰੀ ਸਮਾਗਮ 20 ਮਈ ਨੂੰ ਬਾਅਦ ਦੁਪਹਿਰ ਸਾਢੇ ਬਾਰ੍ਹਾਂ ਵਜੇ ਹੋਵੇਗਾ। ਇਸੇ ਪ੍ਰੈੱਸ ਕਾਨਫਰੰਸ ਦੌਰਾਨ ਸੀਨੀਅਰ ਪਾਰਟੀ ਆਗੂ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਚੋਣਾਂ ਦੌਰਾਨ ਕੀਤੇ ਪੰਜ ਵਾਅਦਿਆਂ

(ਬਾਕੀ ਸਫ਼ਾ 7 'ਤੇ)

## ਸਾਧੂ ਸਿੰਘ ਧਰਮਸੋਤ ਨੂੰ ਜ਼ਮਾਨਤ ਮਿਲੀ-ਜੇਲ੍ਹ ਤੋਂ ਰਿਹਾਅ



ਚੰਡੀਗੜ੍ਹ-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਜ਼ਮਾਨਤ ਮਿਲਣ ਤੋਂ ਬਾਅਦ ਅੱਜ ਜੇਲ੍ਹ ਵਿੱਚੋਂ ਬਾਹਰ ਆ ਗਏ। ਉਨ੍ਹਾਂ ਦੀ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿੱਚੋਂ ਰਿਹਾਈ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਵਕੀਲ ਮੌਜੂਦ ਸਨ ਜਿਨ੍ਹਾਂ ਨਾਲ ਉਹ ਆਪਣੀ ਅਮਲੋਹ ਸਥਿਤ ਰਿਹਾਇਸ਼ 'ਤੇ ਚਲੇ ਗਏ। ਗੌਰਤਲਬ ਹੈ ਕਿ ਸਾਧੂ ਸਿੰਘ ਧਰਮਸੋਤ ਨੂੰ ਬੁੱਧਵਾਰ ਦੇਰ ਸ਼ਾਮ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦਿੱਤੀ ਸੀ ਪਰ ਬੀਤੇ ਕੱਲ੍ਹ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ 'ਚ ਦਸਤਾਵੇਜ਼ ਨਾ ਪਹੁੰਚਣ ਕਰਕੇ ਧਰਮਸੋਤ ਅੱਜ ਹੀ ਰਿਹਾਅ ਹੋ ਸਕੇ। ਧਰਮਸੋਤ ਨੇ ਜੇਲ੍ਹ ਤੋਂ ਬਾਹਰ ਆਉਣ 'ਤੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਸਾਰਾ ਸੱਚ ਸਭ ਦੇ ਸਾਹਮਣੇ ਆ ਜਾਵੇਗਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸੈਲੂਨ ਮਾਲਕ ਦੇ ਮਾਂਟਰੀਅਲ ਵਿਚ ਦਿਨ ਦਿਹਾੜੇ ਕਤਲ ਤੋਂ ਮਾਫੀਆ ਦੇ ਹੰਕਾਰ ਦਾ ਪਤਾ ਲਗਦਾ-ਮਾਹਿਰ

ਮਾਂਟਰੀਅਲ-ਮਾਫੀਆ ਮਾਹਿਰਾਂ ਨੇ ਮਾਂਟਰੀਅਲ ਸੈਲੂਨ ਮਾਲਕ ਦੇ ਦਿਨ ਦਿਹਾੜੇ ਕੀਤੇ ਕਤਲ ਨੂੰ ਸ਼ਹਿਰ ਵਿਚ ਸੰਗਠਿਤ ਅਪਰਾਧ ਦੀ ਬੇਰਹਿਮੀ ਤੇ ਹੰਕਾਰ ਆਖਿਆ ਹੈ। ਮਾਂਟਰੀਅਲ ਪੁਲਿਸ ਨੂੰ ਕਾਰ ਵਿਚ ਗੋਲੀ ਲੱਗਣ ਨਾਲ ਮਰੀ ਔਰਤ ਦੀ ਲਾਸ਼ ਮਿਲੀ ਅਤੇ ਗੋਲੀ ਲੱਗਣ ਸਮੇਂ ਕਾਰ ਚਲਦੀ ਰਹੀ ਅਤੇ ਇਕ ਇਮਾਰਤ ਨਾਲ ਟਕਰਾ ਗਈ। ਬਹੁਤ ਸਾਰੀਆਂ ਰਿਪੋਰਟਾਂ ਵਿਚ ਗੋਲੀ ਦਾ ਸ਼ਿਕਾਰ ਹੋਈ ਔਰਤ ਦੀ ਪਛਾਣ ਮਸ਼ਹੂਰ ਮਾਫੀਆ ਬੌਸ ਮੋਰੇਨੋ ਗੈਲੋ ਦੀ ਨੂੰਹ 39 ਸਾਲ ਕਲੌਡੀਆ ਲੈਕੋਨੋ ਵਜੋਂ ਕੀਤੀ ਗਈ ਹੈ। ਕਾਰ ਮਸ਼ਹੂਰ ਸੈਲੂਨ ਦੇ ਬਾਹਰ ਪਾਰਕਿੰਗ ਵਿਚੋਂ ਮਿਲੀ। ਮਾਂਟਰੀਅਲ ਦੇ ਕੋਟੇ-ਡੇਸ-ਨੀਗੇਸ ਜਿਲ੍ਹੇ ਵਿਚ ਸਥਿਤ ਇਸ ਸੈਲੂਨ ਦੀ ਮਾਲਕ ਲੈਕੋਨੋ ਸੀ। ਗੈਲੋ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਤੋਂ ਕੁਝ ਸਾਲ ਬਾਅਦ ਮੈਕਸੀਕੋ ਵਿਚ ਅਕਾਪੁਲਕੋ ਵਿਚ 2013 ਵਿਚ ਕਤਲ ਕਰ ਦਿੱਤਾ ਗਿਆ ਸੀ। ਲੈਕੋਨੋ ਗੈਲੋ ਦੇ ਪੁੱਤਰਾਂ ਵਿਚੋਂ ਇਕ ਐਂਥਨੀ ਨਾਲ ਵਿਆਹੀ ਹੋਈ ਸੀ. ਸੇਵਾਮੁਕਤ ਮਾਂਟਰੀਅਲ ਪੁਲਿਸ ਅਫਸਰ ਐਂਡਰੇ ਗੇਲੀਨਾਸ ਨੇ ਕਿਹਾ ਕਿ ਇਹ ਆਸਾਧਰਨ ਗੱਲ ਹੈ ਕਿ ਮਾਫੀਆ ਬੌਸ ਦੇ ਦੂਰ ਦੇ ਰਿਸ਼ਤੇਦਾਰ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ, ਉਹ ਵੀ ਇਕ ਔਰਤ ਨੂੰ। ਉਸ ਦਾ ਕਹਿਣਾ ਕਿ ਉਹ ਅਪਰਾਧੀਆਂ ਲਈ ਕੋਈ ਜ਼ਾਬਤਾ ਨਹੀਂ ਸਮਝਦਾ। ਕ੍ਰਿਮੀਨਲ ਇੰਟੈਲੀਜੈਂਸ ਯੂਨਿਟ ਵਿਚ ਸਾਬਕਾ ਸਾਰਜੈਂਟ ਡਿਟੈਕਟਿਵ ਰਹੇ ਗੇਲੀਨਾਸ ਨੇ ਕਿਹਾ ਕਿ ਸੰਗਠਿਤ ਅਪਰਾਧ ਅਤੇ ਸਨਮਾਨ ਕੋਡ ਇਕ ਵਾਕ ਵਿਚ ਨਹੀਂ ਰੱਖੇ ਜਾ ਸਕਦੇ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਲੈਕੋਨੋ ਨੂੰ ਗਲਤੀ ਨਾਲ ਮਾਰ ਦਿੱਤਾ ਗਿਆ। ਉਸ ਨੂੰ ਉਸ ਦੇ ਆਪਣੇ ਕਾਰੋਬਾਰ ਦੇ ਸਾਹਮਣੇ ਮਾਰ ਦਿੱਤਾ ਗਿਆ ਜਿਸ ਨੂੰ ਉਹ ਪੂਰੀ ਸ਼ਿਦਤ ਨਾਲ ਚਲਾਉਂਦੀ ਸੀ। ਇਕ ਹੋਰ ਮਾਹਿਰ ਨੇ ਕਿਹਾ ਕਿ ਮਾਫੀਆ ਸਰਕਲਾਂ ਵਿਚ ਪਰਿਵਾਰਾਂ ਤੋਂ ਬਦਲਾ ਲੈਣ ਦੀ ਕਾਰਵਾਈ ਅਸਾਧਾਰਨ ਨਹੀਂ। ਕੁਈਨਜ਼ ਯੂਨੀਵਰਸਿਟੀ ਪ੍ਰੋਫੈਸਰ ਐਨਟੋਨੀਓ ਨਿਕਾਸੋ ਨੇ ਕਿਹਾ ਕਿ ਮੇਰਾ ਖਿਆਲ ਹੈ ਕਿ ਇਸ ਵਿਚਾਰ ਬਾਰੇ ਗਲਤ ਧਾਰਨਾ ਬਣੀ ਹੋਈ ਹੈ ਕਿ ਮਾਫੀਆ ਔਰਤਾਂ ਜਾਂ ਬੱਚਿਆਂ ਨੂੰ ਨਹੀਂ ਮਾਰਦਾ। ਮਾਫੀਆ ਦਾ ਇਤਿਹਾਸ ਔਰਤਾਂ ਤੇ ਬੱਚਿਆਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਨੂੰ ਕਤਲ ਕੀਤਾ ਗਿਆ। ਇਸ ਲਈ ਮੇਰਾ ਖਿਆਲ ਹੈ ਕਿ ਜਦੋਂ ਉਹ ਰੁਕਾਵਟ ਬਣਨ ਜਾਂ ਜਦੋ ਸੁਨੇਹਾ ਦੇਣਾ ਹੋਵੇ ਤਾਂ ਉਹ ਆਪਣਾ ਸੁਨੇਹਾ ਦੇਣ ਲਈ ਜੈਂਡਰ ਦਾ ਖਿਆਲ ਨਹੀਂ ਰੱਖਦੇ । ਉਨ੍ਹਾਂ ਲਈ ਸੁਨੇਹਾ ਹੀ ਮਹੱਤਵਪੂਰਣ ਹੁੰਦਾ ਹੈ ਇਸ ਤੋਂ ਇਲਾਵਾ ਕੁਝ ਨਹੀਂ।

# ਕੈਨੇਡਾ ਵਿਚ ਹਿੰਸਕ ਅਪਰਾਧੀਆਂ ਲਈ ਜ਼ਮਾਨਤ ਲੈਣਾ ਹੁਣ ਔਖਾ ਹੋ ਜਾਵੇਗਾ

ਸਰੀ (ਹਰਦਮ ਮਾਨ)-ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਵਿਚ ਬਿੱਲ ਸੀ-48 ਪੇਸ਼ ਕੀਤਾ ਗਿਆ ਜਿਸ ਤਹਿਤ ਕ੍ਰਿਮੀਨਲ ਕੋਡ ਦੇ ਜ਼ਮਾਨਤੀ ਸਿਸਟਮ ਵਿਚ ਕੁਝ ਤਬਦੀਲੀਆਂ ਕੀਤੀਆਂ ਜਾਣਗੀਆਂ। ਨਿਆਂ ਮੰਤਰੀ ਡੇਵਿਡ ਲੈਮੇਟੀ ਵੱਲੋਂ ਪੇਸ਼ ਕੀਤੇ ਗਏ ਇਸ ਬਿੱਲ ਰਾਹੀਂ ਕ੍ਰਿਮੀਨਲ ਕੋਡ ਵਿਚ ਪੰਜ ਵਿਸ਼ੇਸ਼ ਤਬਦੀਲੀਆਂ ਕਰਨ ਦੇ ਮਤੇ ਰੱਖੇ ਗਏ ਹਨ। ਇਸ ਬਿੱਲ ਅਨੁਸਾਰ ਜਿਹੜੇ ਲੋਕ ਪਿਛਲੇ ਪੰਜ ਸਾਲਾਂ ਦੌਰਾਨ ਹਥਿਆਰਾਂ ਨਾਲ ਜੁੜੇ ਗੰਭੀਰ ਹਿੰਸਕ ਅਪਰਾਧਾਂ ਵਿਚ ਦੋਸ਼ੀ ਕਰਾਰ ਦਿੱਤੇ ਗਏ ਹੋਏ ਹਨ ਉਨ੍ਹਾਂ ਲਈ ਜ਼ਮਾਨਤ ਦੀਆਂ ਸ਼ਰਤਾਂ ਸਖ਼ਤ ਕੀਤੀ ਜਾਣਗੀਆਂ। ਫਾਇਰ ਆਰਮਜ਼, ਬੀਅਰ ਸਪਰੇਅ, ਚਾਕੂ ਅਤੇ ਹਥਿਆਰ ਨਾਲ ਸਬੰਧਤ ਵਾਰ ਵਾਰ ਹਿੰਸਾਂ ਕਰਨ ਵਾਲੇ ਮੁਜਰਿਮਾਂ ਲਈ ਜ਼ਮਾਨਤ ਲੈਣ ਵਿਚ ਸਖ਼ਤੀ ਕੀਤੀ ਜਾਵੇਗੀ। ਅਦਾਲਤ ਕਿਸੇ ਵੀ ਮੁਜਰਿਮ ਨੂੰ ਜ਼ਮਾਨਤ ਦੇਣ ਤੋਂ ਪਹਿਲਾਂ ਉਸ ਦਾ ਮੁਜਰਿਮਾਨਾ ਰਿਕਾਰਡ ਅਤੇ ਕਮਿਊਨਿਟੀ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਫੈਸਲਾ ਦੇਵੇਗੀ। ਜ਼ਿਕਰਯੋਗ ਹੈ ਕਿ ਇਹ ਸਖਤੀ ਕਰਨ ਲਈ ਕਦਮ ਤਾਂ ਚੁੱਕੇ ਗਏ ਹਨ ਕਿ ਪਿਛਲੇ ਸਮੇਂ ਦੌਰਾਨ ਕਈ ਅਜਿਹੇ ਕੇਸ ਸਾਹਮਣੇ ਆਏ ਜਿਨ੍ਹਾਂ ਵਿਚ ਜ਼ਮਾਨਤ ਲੈ ਕੇ ਬਾਹਰ ਆਏ ਮੁਜਰਿਮਾਂ ਵੱਲੋਂ ਫੇਰ ਹਿੰਸਕ ਵਾਰਦਾਤਾਂ ਅੰਜ਼ਾਮ ਦਿੱਤੀਆਂ ਗਈਆਂ। ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਵਾਰ ਵਾਰ ਅਪਰਾਧ ਕਰਨ ਵਾਲੇ ਦੋਸ਼ੀਆਂ ਨੂੰ ਜ਼ਮਾਨਤ ਦੇਣ ਦੀਆਂ ਸ਼ਰਤਾਂ ਸਖ਼ਤ ਹੋਣੀਆਂ ਚਾਹੀਦੀਆਂ ਹਨ।












# ਗਿੱਟੇ ਤੋਂ ਮੋਨੀਟਰ ਹਟਾ ਕੇ ਸਾਲ ਭਰ ਫਰਾਰ ਰਹੇ ਡਰੱਗ ਡੀਲਰ ਨੂੰ 12 ਸਾਲ ਕੈਦ ਦੀ ਸਜ਼ਾ

ਵੈਨਕੂਵਰ-ਫੋਰਟ ਸੇਂਟ ਜੌਹਨ ਦੇ ਵਿਅਕਤੀ ਜਿਹੜਾ ਨਸ਼ੀਲੇ ਪਦਾਰਥਾਂ ਤੇ ਬੰਦੂਕਾਂ ਦੇ ਦੋਸ਼ਾਂ ਵਿਚ ਮੁਕੱਦਮੇ ਦੇ ਆਖਰੀ ਦਿਨ ਅਦਾਲਤ ਵਿਚ ਪੇਸ਼ ਨਹੀਂ ਸੀ ਹੋਇਆ ਨੂੰ ਅਦਾਲਤ ਵਿਚ ਪੇਸ਼ ਨਾ ਹੋਣ ਅਤੇ ਜ਼ਮਾਨਤ ਸ਼ਰਤਾਂ ਨੂੰ ਤੋੜਨ ਸਮੇਤ ਵੱਖ ਵੱਖ ਦੋਸ਼ਾਂ ਲਈ 12 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 2021 ਵਿਚ ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਮੁਕੱਦਮੇ ਦੀ ਸੁਣਵਾਈ ਦੌਰਾਨ ਦਾਨਾ ਨਜ਼ਾਰੇਕ ਨੂੰ ਉਸ ਦੀ ਗੈਰਮੌਜੂਦਗੀ ਵਿਚ ਜੂਰੀ ਨੇ ਸਮਗਲਿੰਗ ਲਈ ਰੱਖੇ ਨਸ਼ੀਲੇ ਪਦਾਰਥ ਅਤੇ ਗੈਰਕਾਨੂੰਨੀ ਤਰੀਕੇ ਨਾਲ ਚਾਰ ਬੰਦੂਕਾਂ ਕੋਲ ਰੱਖਣ ਲਈ ਦੋਸ਼ੀ ਕਰਾਰ ਦਿੱਤਾ ਸੀ। ਮੁਕੱਦਮਾ ਸ਼ੁਰੂ ਹੋਣ ਤੋਂ ਤਿੰਨ ਮਹੀਨੇ ਪਹਿਲਾਂ 51 ਸਾਲਾ ਨਜ਼ਾਰੇਕ ਨੂੰ ਮੁਦਈ ਪੱਖ ਦੇ ਵਿਰੋਧ ਦੇ ਬਾਵਜੂਦ ਜ਼ਮਾਨਤ ਦੇ ਦਿੱਤੀ ਗਈ। ਉਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਸਰੀ ਨਸ਼ਾ ਮੁਕਤੀ ਇਲਾਜ ਸੈਂਟਰ ਵਿਚ ਰਹੇ, ਗਿੱਟੇ 'ਤੇ ਮੋਨੀਟਰ ਪਹਿਨ ਕੇ ਰੱਖੇ ਅਤੇ ਕੇਵਲ ਅਦਾਲਤ ਵਿਚ ਪੇਸ਼ ਹੋਣ ਸਮੇਂ ਹੀ ਸੈਂਟਰ ਤੋਂ ਬਾਹਰ ਆਵੇ। ਉਹ ਤਿੰਨ ਜੂਨ 2021 ਤੋਂ ਰੋਜ਼ਾਨਾ ਮੁਕੱਦਮੇ ਲਈ ਪੇਸ਼ ਹੁੰਦਾ ਰਿਹਾ ਪਰ 29 ਜੂਨ ਨੂੰ ਪੇਸ਼ ਹੋਣ ਵਿਚ ਨਾਕਾਮ ਰਿਹਾ। ਕਰਾਊਨ ਪ੍ਰੌਸੀਕਿਊਟਰ ਨੇ ਅਦਾਲਤ ਨੂੰ ਦੱਸਿਆ ਕਿ ਨਜ਼ਾਰੇਕ ਸਰੀ ਸੈਂਟਰ ਤੋਂ ਸਵੇਰੇ 7.22 ਵਜੇ ਫਰਾਰ ਹੋ ਕੇ ਸਵੇਰੇ 7.55 ਵਜੇ ਰਿਚਮੰਡ ਪਹੁੰਚ ਗਿਆ। 7.59 ਵਜੇ ਉਸ ਨੇ ਆਪਣੇ ਗਿੱਟੇ ਤੋਂ ਬਰੇਸਲੈੱਟ ਤੋੜ ਕੇ ਸੁੱਟ ਦਿੱਤਾ। ਇਹ ਬਰੇਸਲੈੱਟ ਆਰਸੀਐਮਪੀ ਨੂੰ ਰਿਚਮੰਡ ਵਿਚ ਹਾਈਵੇਅ 99 'ਤੇ ਸੜਕ ਤੋਂ ਪੰਜ ਮੀਟਰ ਦੂਰੋਂ ਮਿਲਿਆ ਜਿਹੜਾ ਇਕ ਚਲਦੀ ਕਾਰ ਵਿਚੋਂ ਸੁੱਟਿਆ ਗਿਆ ਸੀ। 5 ਅਗਸਤ 2022 ਤਕ 13 ਮਹੀਨੇ ਉਹ ਪੁਲਿਸ ਦੇ ਹੱਥ ਨਾ ਲੱਗਾ। ਫਿਰ ਇਕ ਦਿਨ ਉਹ ਵੈਨਕੂਵਰ ਪੁਲਿਸ ਦੇ ਦੋ ਅਫਸਰਾਂ ਦੇ ਕਾਬੂ ਆ ਗਿਆ ਜਦੋਂ ਉਹ ਵੈਨਕੂਵਰ ਵਿਚ ਵਾਲਮਾਰਟ ਦੀ ਪਾਰਕਿੰਗ ਵਿਚ ਇਕ ਔਰਤ ਨਾਲ ਲੜ ਰਿਹਾ ਸੀ। ਨਾਜ਼ਰੇਕ ਨੇ ਪੁਲਿਸ ਅਫਸਰਾਂ ਨੂੰ ਆਪਣਾ ਗਲਤ ਨਾਂਅ ਤੇ ਪਛਾਣ ਦੱਸੀ ਪਰ ਉਸ ਕੋਲ ਅਸਲੀ ਨਾਂਅ ਦਾ ਇਕ ਬੈਂਕ ਕਾਰਡ ਸੀ ਜਿਸ ਨਾਲ ਉਹ ਕਾਬੂ ਆ ਗਿਆ। ਮਾਰਚ ਵਿਚ ਉਸ ਨੇ ਅਦਾਲਤ ਵਿਚ ਪੇਸ਼ ਨਾ ਹੋਣ ਅਤੇ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਲਈ ਆਪਣਾ ਕਸੂਰ ਸਵੀਕਾਰ ਕਰ ਲਿਆ ਸੀ। ਡਰੱਗ ਤੇ ਬੰਦੂਕਾਂ ਦੇ ਮਾਮਲੇ ਸੰਨ 2018 ਦੇ ਹਨ ਜਦੋਂ ਆਰਸੀਐਮਪੀ ਨੇ ਨਜ਼ਾਰੇਕ ਨੂੰ ਉਸ ਦੇ ਫੋਰਟ ਸੇਂਟ ਜੌਹਨ ਹੋਮ ਤੋਂ ਤਲਾਸ਼ੀ ਵਾਰੰਟ ਨਾਲ ਗ੍ਰਿਫਤਾਰ ਕੀਤਾ ਸੀ।



# ਸਰੀ ਤੋਂ ਨਿਊ ਵੈਸਟ ਤਕ ਵੀਕਐਂਡ 'ਤੇ ਪਟੋਲੋ ਪੁੱਲ ਦੀਆਂ ਉੱਤਰੀ ਲੇਨਜ਼ ਬੰਦ ਰਹਿਣਗੀਆਂ

ਸਰੀ-ਇਸ ਵੀਕਐਂਡ 'ਤੇ ਸਰੀ ਤੋਂ ਨਿਊ ਵੈਸਟਮਿਨਸਟਰ ਤਕ ਸਫਰ ਲਈ ਪਤੂਲੋ ਪੁੱਲ ਦੀਆਂ ਉੱਤਰ ਵਾਲੇ ਪਾਸੇ ਨੂੰ ਜਾਣ ਵਾਲੀਆਂ ਲੇਨਜ਼ ਬੰਦ ਰਹਿਣਗੀਆਂ ਕਿਉਂਕਿ ਅਮਲਾ ਸਪੈਨ ਬਦਲਣ ਦਾ ਕੰਮ ਕਰ ਰਿਹਾ ਹੈ। ਸਾਜ਼ੋ-ਸਾਮਾਨ ਦੇ ਮੁੱਦੇ ਕਾਰਨ ਪਹਿਲਾਂ ਤੋਂ ਯੋਜਨਾਬੱਧ ਕੰਮ ਨੂੰ ਮੁੜ ਤਹਿ ਕੀਤਾ ਗਿਆ ਹੈ। ਰਾਇਲ ਐਵੀਨਿਊ ਓਵਰਪਾਸ ਬ੍ਰਿਜ ਡੈੱਕ ਨੂੰ ਬਦਲਣ ਲਈ ਅਮਲਾ ਕੰਮ ਕਰ ਸਕੇ ਇਸ ਕਾਰਨ ਉੱਤਰ ਵਾਲੇ ਪਾਸੇ ਨੂੰ ਜਾਣ ਵਾਲੀਆਂ ਪੁੱਲ ਦੀਆਂ ਲੇਨਜ਼ 19 ਮਈ ਸ਼ਾਮ 7 ਵਜੇ ਤੋਂ 23 ਮਈ ਸਵੇਰੇ 5 ਵਜੇ ਤਕ ਬੰਦ ਰਹਿਣਗੀਆਂ। ਟਰਾਂਸਲਿੰਕ ਦਾ ਕਹਿਣਾ ਕਿ ਪੁੱਲ ਪੈਦਲ ਯਾਤਰੀਆਂ, ਸਾਈਕਲ ਸਵਾਰਾਂ ਅਤੇ ਫਸਟ ਰਸਪੌਂਡਰਜ਼ ਲਈ ਸਾਰਾ ਸਮਾਂ ਖੁੱਲ੍ਹਾ ਰਹੇਗਾ। ਉੱਤਰ ਵੱਲ ਨੂੰ ਜਾਣ ਲਈ ਪੁੱਲ ਤੇ ਬ੍ਰਿਜ ਕੁਨੈਕਟਰ ਬੰਦ ਹੋਣ ਤੋਂ ਇਲਾਵਾ ਰਾਇਲ ਐਵੀਨਿਊ ਮੈਕਬ੍ਰਿਜ ਬੁਲੇਵਾਰਡ ਅਤੇ ਰਾਇਲ ਐਵੀਨਿਊ ਆਨ-ਰੈਂਪ ਵਿਚਕਾਰ ਬੰਦ ਰਹੇਗਾ। ਦੱਖਣ ਵਾਲੇ ਪਾਸੇ ਨੂੰ ਜਾਣ ਵਾਲੇ ਯਾਤਰੀ ਵੀ ਦੇਰੀ ਦੀ ਆਸ ਕਰ ਸਕਦੇ ਹਨ ਕਿਉਂਕਿ ਨਿਊ ਵੈਸਟਮਿਨਸਟਰ ਵਿਚ ਬ੍ਰਿਜ ਕੁਨੈਕਟਰ ਬੰਦ ਰਹੇਗਾ ਅਤੇ ਆਵਾਜਾਈ ਨੂੰ ਕੋਲੰਬੀਆ ਸਟਰੀਟ ਆਨ-ਰੈਂਪ ਨੂੰ ਬਦਲਿਆ ਜਾਵੇਗਾ।

# ਛੋਕਰ ਪਰਿਵਾਰ ਦੇ ਮੋਢੀ ਸਾਧੂ ਸਿੰਘ ਛੋਕਰ ਨਹੀਂ ਰਹੇ

ਸਰੀ, 18 ਮਈ (ਹਰਦਮ ਮਾਨ)-ਵੈਨਕੂਵਰ ਦੇ ਵਸਨੀਕ ਛੋਕਰ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਇਸ ਪਰਿਵਾਰ ਦੇ ਮੋਢੀ ਸਾਧੂ ਸਿੰਘ ਛੋਕਰ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਬਹੁਤ ਹੀ ਮਿਲਾਪੜੇ ਤੇ ਦੂਜਿਆਂ ਦੀ ਮਦਦ ਕਰਨ ਵਾਲੇ ਇਨਸਾਨ ਸਾਧੂ ਸਿੰਘ ਛੋਕਰ ਦਾ ਜਨਮ 20 ਅਕਤੂਬਰ 1936 ਨੂੰ ਪਿੰਡ ਛੋਕਰਾਂ (ਤਹਿਸੀਲ ਫਿਲੌਰ, ਜ਼ਿਲਾ ਜਲੰਧਰ) ਵਿਖੇ ਹੋਇਆ ਸੀ। ਉਨ੍ਹਾਂ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ



ਬੀ.ਏ. ਦੀ ਡਿਗਰੀ ਹਾਸਲ ਕੀਤੀ ਅਤੇ ਫਗਵਾੜਾ ਤੋਂ ਐੱਮ.ਏ. (ਹਿਸਟਰੀ) ਦੀ ਡਿਗਰੀ ਪ੍ਰਾਪਤ ਕੀਤੀ ਸੀ। ਉਹ 1962 ਵਿਚ ਇੰਗਲੈਂਡ ਚਲੇ ਗਏ ਅਤੇ 1965 ਵਿਚ ਕੈਨੇਡਾ ਆ ਵਸੇ। ਮਰਹੂਮ ਸਾਧੂ ਸਿੰਘ ਛੋਕਰ ਦਾ ਅੰਤਿਮ ਸੰਸਕਾਰ 21 ਮਈ (ਐਤਵਾਰ) ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ, ਡੈਲਟਾ ਵਿਖੇ ਕੀਤਾ ਜਾਵੇਗਾ ਅਤੇ ਅੰਤਿਮ ਅਰਦਾਸ ਦੁਪਹਿਰ 12:15 ਵਜੇ ਖਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ ਵੈਨਕੂਵਰ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮੋਹਨ ਸਿੰਘ ਛੋਕਰ ਨਾਲ ਫੋਨ ਨੰਬਰ 604-771-6147 'ਤੇ ਅਤੇ ਹਰਜਿੰਦਰ ਛੋਕਰ ਨਾਲ ਫੋਨ ਨੰਬਰ 604-805-1735 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੰਬੀ ਜਾਂਚ ਪਿੱਛੋਂ 16 ਬੰਦੂਕਾਂ, 5.5 ਕਿਲੋਗ੍ਰਾਮ ਨਸ਼ੀਲੇ ਪਦਾਰਥ ਤੇ 84000 ਡਾਲਰ ਨਕਦੀ ਬਰਾਮਦ-ਦੋ ਗ੍ਰਿਫ਼ਤਾਰ

ਐਬਟਸਫੋਰਡ-ਐਬਟਸਫੋਰਡ, ਬਰਨਬੀ ਤੇ ਚਿਲੀਵੈਕ ਵਿਚ ਵੱਖ ਵੱਖ ਥਾਵਾਂ ਤੋਂ 16 ਬੰਦੂਕਾਂ, 5.5 ਕਿਲੋਗ੍ਰਾਮ ਨਸ਼ੀਲਾ ਪਦਾਰਥ ਅਤੇ 84000 ਡਾਲਰ ਤੋਂ ਵੀ ਵੱਧ ਦੀ ਨਕਦੀ ਬਰਾਮਦ ਕਰਨ ਪਿੱਛੋਂ ਇਕ ਪੁਰਸ਼ ਅਤੇ ਇਕ ਔਰਤ ਨੂੰ ਗਿਫਤਾਰ ਕਰਕੇ ਉਨ੍ਹਾਂ 'ਤੇ ਦੋਸ਼ ਆਇਦ ਕੀਤੇ ਗਏ ਹਨ। ਐਬਟਸਫੋਰਡ ਪੁਲਿਸ ਵਿਭਾਗ ਨਾਲ ਸਬੰਧਤ ਮੀਡੀਆ ਅਧਿਕਾਰੀ ਕੰਸਟੇਬਲ ਸਕੌਟ ਮੈਕਕਲੂਰ ਨੇ ਕਿਹਾ ਕਿ ਪ੍ਰਾਜੈਕਟ ਟੋਰੋ ਦੀ ਜਾਂਚ ਦੇ ਸਿੱਟੇ ਵਜੋਂ ਦੋਸ਼ ਲਗਾਏ ਗਏ ਹਨ ਜਿਹੜੀ ਪੁਲਿਸ ਵਿਭਾਗ ਦੇ ਡਰੱਗ ਇਨਫੋਰਸਮੈਂਟ ਯੂਨਿਟ ਨੇ ਸ਼ੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਕ 42 ਸਾਲਾ ਵਿਅਕਤੀ ਜਿਸ ਦੇ ਐਬਟਸਫੋਰਡ ਵਿਚ ਡਰੱਗ ਦੇ ਧੰਦੇ ਨਾਲ ਜੁੜੇ ਹੋਣ ਅਤੇ ਬੀਸੀ ਗੈਂਗ ਹਿੰਸਾ ਨਾਲ ਸਬੰਧ ਹੋਣ ਦਾ ਸ਼ੱਕ ਹੈ ਨੂੰ ਲੈ ਕੇ ਜਾਂਚ ਸ਼ੁਰੂ ਕੀਤੀ ਗਈ ਸੀ। ਤਿੰਨੇ ਸ਼ਹਿਰਾਂ ਵਿਚ ਕਈ ਤਲਾਸ਼ੀ ਵਾਰੰਟਾਂ ਦੀ ਤਾਮੀਲ ਕੀਤੀ ਗਈ ਸੀ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿਚ ਫੈਂਟਾਨਿਲ, ਕੋਕੀਨ ਤੇ ਮੇਥਲਫੇਟਾਮਾਈਨ ਸ਼ਾਮਿਲ ਹੈ। ਜ਼ਬਤ ਕੀਤੇ ਹਥਿਆਰਾਂ ਵਿਚ ਮਨਾਹੀ ਵਾਲੇ ਤੇ ਪ੍ਰਤੀਬੰਧਤ ਹਥਿਆਰ ਸ਼ਾਮਿਲ ਹਨ। 42 ਸਾਲਾ ਖਾਮੀਦੀ ਫਰਡਨੈਂਡ ਅਤੇ 64 ਸਾਲਾ ਕੰਸਟੈਂਸ ਹੋਪ ਵਿਨਸ 'ਤੇ 6 ਅਪਰਾਧਾਂ ਲਈ ਦੋਸ਼ ਲਗਾਏ ਗਏ ਹਨ। ਬੀਸੀ ਪ੍ਰੋਵਿੰਸ਼ੀਅਲ ਕੋਰਟ ਡਾਟਾਬੇਸ ਮੁਤਾਬਿਕ ਫਰਡੀਨੈਂਡ ਮੌਜੂਦਾ ਸਮੇਂ ਐਬਟਸਫੋਰਡ ਵਿਚ 10 ਨਵੰਬਰ 2021 ਤੋਂ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਨੂੰ ਇਸ ਤੋਂ ਪਹਿਲਾਂ ਮਨਾਹੀ ਦੇ ਬਾਵਜੂਦ ਬਿਨ੍ਹਾਂ ਲਾਇਸੰਸ ਡਰਾਈਵਿੰਗ ਕਰਨ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ। ਵਿਨਸ ਦਾ ਕੋਈ ਪਹਿਲਾਂ ਅਪਰਾਧਿਕ ਰਿਕਾਰਡ ਨਹੀਂ।



# ਪੀਲ ਰੀਜਨ ਨੂੰ ਭੰਗ ਕਰ ਦੇਵੇਗਾ ਓਨਟਾਰੀਓ

ਟੋਰਾਂਟੋ-ਓਨਟਾਰੀਓ ਇਸ ਗੱਲ ਦਾ ਐਲਾਨ ਕਰੇਗਾ ਕਿ ਉਹ ਪੀਲ ਰੀਜਨ ਨੂੰ ਭੰਗ ਕਰ ਰਿਹਾ ਹੈ ਜਿਸ ਵਿਚ ਮਿਸੀਸਾਗਾ, ਬਰੈਂਪਟਨ ਅਤੇ ਕਲੇਡਨ ਮਿਉਂਸਪਲਟੀਜ਼ ਪੈਂਦੀਆਂ ਹਨ। ਸੂਤਰਾਂ ਜਿਨ੍ਹਾਂ ਨੂੰ ਜਨਤਕ ਤੌਰ 'ਤੇ ਬੋਲਣ ਦਾ ਅਧਿਕਾਰ ਨਹੀਂ ਨੇ ਦੱਸਿਆ ਕਿ ਮਿਸੀਸਾਗਾ ਤੇ ਬਰੈਂਪਟਨ ਸੂਬੇ ਦੀਆਂ ਕੁਝ ਸਭ ਤੋਂ ਵੱਡੀਆਂ ਮਿਉਂਸਪਲਟੀਜ਼ ਵਿਚ ਸ਼ਮਾਰ ਹੈ ਅਤੇ ਸੁਤੰਤਰ ਸ਼ਹਿਰ ਬਣਨ ਲਈ ਤਿਆਰ ਹਨ ਪਰ ਸੂਤਰਾਂ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਛੋਟੀ ਮਿਉਂਸਪਲਟੀ ਕਲੇਡਨ ਦਾ ਕੀ ਬਣੇਗਾ। ਪੀਲ ਰੀਜਨ ਤਿੰਨਾਂ ਮਿਉਂਸਪਲਟੀਜ਼ ਵਿਚ ਪੈਰਾਮੈਡਿਕਸ, ਸਿਹਤ ਪ੍ਰੋਗਰਾਮ ਅਤੇ ਰੀਸਾਈਕਲਿੰਗ ਵਰਗੀਆਂ ਸੇਵਾਵਾਂ ਲਈ ਜ਼ਿੰਮੇਵਾਰ ਹੈ। ਮਿਸੀਸਾਗਾ ਦੀ ਮੇਅਰ ਬੋਨੀ ਕਰੋਂਬੀ ਆਪਣੇ ਸ਼ਹਿਰ ਨੂੰ ਸੁਤੰਤਰ ਬਣਾਉਣ 'ਤੇ ਇਹ ਕਹਿੰਦੇ ਹੋਏ ਜ਼ੋਰ ਦੇ ਰਹੀ ਹੈ ਕਿ ਇਸ ਨਾਲ 10 ਸਾਲਾਂ ਵਿਚ ਉਸ ਦੀ ਮਿਉਂਸਪਲਟੀ ਦੀ ਇਕ ਅਰਬ ਡਾਲਰ ਦੀ ਬਚਤ ਹੋਵੇਗੀ ਅਤੇ ਇਸ ਨਾਲ ਸ਼ਹਿਰ ਹੋਰ ਕੁਸ਼ਲ ਬਣੇਗਾ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਕਿਹਾ ਕਿ ਉਹ ਨਕਲ ਨੂੰ ਹਟਾਉਣ ਦੀਆਂ ਕੋਸ਼ਿਸ਼ਾਂ ਦਾ ਸਵਾਗਤ ਕਰਨਗੇ ਪਰ ਉਨ੍ਹਾਂ ਦਾ ਮੰਨਣਾ ਕਿ ਕਿਸੇ ਵੀ ਤਰ੍ਹਾਂ ਵੱਖ ਹੋਣ ਨਾਲ ਮਿਸੀਸਾਗਾ ਬਰੈਂਪਟਨ ਦਾ ਦੇਣਦਾਰ ਹੋਵੇਗਾ ਕਿਉਂਕਿ ਬੁਨਿਆਦੀ ਢਾਂਚੇ ਦੇ ਵਸਨੀਕਾ ਨੇ ਮਿਸੀਸਾਗਾ ਲਈ ਫੰਡ ਦਿੱਤਾ ਹੈ। ਮਿਉਂਸਪਲ ਮਾਮਲਿਆਂ ਤੇ ਹਾਊਸਿੰਗ ਮੰਤਰੀ ਸਟੀਵ ਕਲਾਰਕ ਨੇ ਨਵੰਬਰ ਵਿਚ ਐਲਾਨ ਕੀਤਾ ਕਿ ਉਹ 6 ਖੇਤਰੀ ਸਰਕਾਰਾਂ ਜਿਨ੍ਹਾਂ ਵਿਚ ਪੀਲ ਰੀਜਨ ਵੀ ਸ਼ਾਮਿਲ ਹੈ ਦੇ ਮੁਲਾਂਕਣ ਲਈ ਫੈਸਿਲੀਟੇਟਰ ਨਿਯੁਕਤ ਕਰਨਗੇ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਭਾਈ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਡਿਬਰੂਗੜ੍ਹ ਵਿਚ ਜੇਲ ਵਿਚ ਮੁਲਾਕਾਤ ਕੀਤੀ

ਗੁਹਾਟੀ-ਡਿਬਰੂਗੜ੍ਹ ਜੇਲ੍ਹ ਵਿੱਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਉਸ ਦੇ ਮਾਪਿਆਂ ਨੇ ਅੱਜ ਮੁਲਾਕਾਤ ਕੀਤੀ। ਇਹ ਜਾਣਕਾਰੀ ਪੁਲੀਸ ਅਧਿਕਾਰੀਆਂ ਨੇ ਦਿੱਤੀ ਹੈ। ਜਾਣਕਾਰੀ ਅਨੁਸਾਰ ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਨੂੰ 23 ਅਪਰੈਲ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿੱਚੋਂ ਹਿਰਾਸਤ ਵਿੱਚ ਲਿਆ ਸੀ ਅਤੇ ਉਸੇ ਦਿਨ ਤੋਂ ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚ ਬੰਦ ਹੈ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਅੱਜ ਡਿਬਰੂਗੜ੍ਹ ਹਵਾਈ ਅੱਡੇ 'ਤੇ ਪੁੱਜੇ, ਜਿਥੋਂ ਉਹ ਸਿੱਧਾ ਜੇਲ੍ਹ ਗਏ। ਇਸ ਦੌਰਾਨ ਜੇਲ੍ਹ ਅਥਾਰਿਟੀ ਤੋਂ ਪ੍ਰਵਾਨਗੀ ਮਿਲਣ ਮਗਰੋਂ ਉਨ੍ਹਾਂ ਆਪਣੇ ਪੁੱਤਰ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ 4 ਮਈ ਨੂੰ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ ਨੇ ਡਿਬਰੂਗੜ੍ਹ ਜੇਲ੍ਹ ਵਿੱਚ ਉਸ ਨਾਲ ਮੁਲਾਕਾਤ ਕੀਤੀ ਸੀ। ਕਿਰਨਦੀਪ ਨਾਲ ਦਲਜੀਤ ਸਿੰਘ ਕਲਸੀ ਦੇ ਪਰਿਵਾਰਕ ਮੈਂਬਰ ਸਨ, ਜੋ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਵਕੀਲਾਂ ਦੇ ਪੈਨਲ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਐਡਵੋਕੇਟ ਰਵੀ ਸ਼ਰਮਾ ਤੇ ਇੱਕ ਸਾਬਕਾ ਸੰਸਦ ਮੈਂਬਰ ਵੀ ਉਨ੍ਹਾਂ ਦੇ ਨਾਲ ਹੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿਖੇ ਗਏ ਸਨ। ਉਸ ਦੇ ਮਾਤਾ-ਪਿਤਾ ਨੇ ਅੰਮ੍ਰਿਤਪਾਲ ਨਾਲ ਕੁਝ ਘਰੇਲੂ ਗੱਲਾਂ ਸਾਂਝੀਆਂ ਕੀਤੀਆਂ ਹਨ ਅਤੇ ਕੁਝ ਖਾਣ-ਪੀਣ ਦਾ ਸਮਾਨ ਵੀ ਉਸ ਨੂੰ ਸੌਂਪਿਆ। ਉਸ ਦੇ ਪਿਤਾ ਤਰਸੇਮ ਸਿੰਘ ਨੇ ਦਾਅਵਾ ਕੀਤਾ ਕਿ ਪਰਿਵਾਰ ਵੱਲੋਂ ਉਸ ਦੀ ਰਿਹਾਈ ਲਈ ਕਾਨੂੰਨੀ ਤਰੀਕੇ ਨਾਲ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਪਰ ਇਸ ਬਾਰੇ ਪਰਮਾਤਮਾ ਹੀ ਜਾਣਦਾ ਹੈ ਕਿ ਹੋਰ ਕਿੰਨਾ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਠੀਕ-ਠਾਕ ਤੇ ਚੜ੍ਹਦੀ ਕਲਾ ਵਿਚ ਹੈ। ਉਸ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਉਸ ਦੇ ਬੇਟੇ ਵਿਰੁੱਧ ਕੌਮੀ ਸੁਰੱਖਿਆ ਐਕਟ ਦੀ ਧਾਰਾ ਲਗਾ ਕੇ ਬੇ-ਇਨਸਾਫ਼ੀ ਕੀਤੀ ਹੈ, ਕਿਉਂਕਿ ਉਸ ਨੇ ਕੋਈ ਅਪਰਾਧ ਨਹੀਂ ਕੀਤਾ।



## ਕਲੋਵਰਡੇਲ ਵਿਚ ਸਰੀ ਦੇ ਨਵੇਂ ਹਸਪਤਾਲ ਦਾ ਕੰਮ ਜੁਲਾਈ ਵਿਚ ਸ਼ੁਰੂ ਹੋਵੇਗਾ-ਡਿਕਸ

ਵਿਕਟੋਰੀਆ-ਸਿਹਤ ਮੰਤਰੀ ਐਡਰੀਅਨ ਡਿਕਸ ਦਾ ਕਹਿਣਾ ਕਿ ਸਰੀ ਵਿਚ ਨਵਾਂ ਹਸਪਤਾਲ ਬ੍ਰਿਟਿਸ਼ ਕੋਲੰਬੀਆ ਦੇ ਇਤਿਹਾਸ ਵਿਚ ਸੂਬੇ ਦੇ ਯੋਗਦਾਨ ਵਾਲਾ ਸਭ ਤੋਂ ਵੱਡਾ ਪੂੰਜੀ ਪ੍ਰਾਜੈਕਟ ਹੋਵੇਗਾ। ਸੂਬਾ ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਅਗਲੇ ਮਹੀਨੇ ਐਲਾਨ ਕਰੇਗੀ ਕਿ ਕਿ ਕਲੋਵਰਡੇਲ ਵਿਚ ਸਰੀ ਦਾ ਦੂਸਰਾ ਹਸਪਤਾਲ ਕੌਣ ਉਸਾਰੇਗਾ ਅਤੇ ਕੰਮ ਜੁਲਾਈ ਵਿਚ ਸ਼ੁਰੂ ਹੋ ਜਾਵੇਗਾ। ਡਿਕਸ 17 ਮਈ ਨੂੰ ਸ਼ੇਰਟਨ ਵੈਨਕੂਵਰ ਗਿਲਡਫੋਰਡ ਹੋਟਲ ਵਿਖੇ ਸਰੀ ਬੋਰਡ ਆਫ ਟਰੇਡ ਵਲੋਂ ਆਯੋਜਿਤ ਕੀਤੇ 17 ਮਈ ਦੇ ਦੁਪਹਿਰ ਦੇ ਖਾਣੇ ਮੌਕੇ ਸਰੀ ਤੇ ਬੀਸੀ ਵਿਚ ਸਿਹਤ ਸੰਭਾਲ ਦੇ ਭਵਿੱਖ ਬਾਰੇ ਜਾਣਕਾਰੀ ਦੇ ਰਹੇ ਸਨ। ਡਿਕਸ ਨੇ ਨਾਊ ਲੀਡਰ ਨੂੰ ਦੱਸਿਆ ਕਿ ਅਗਲੇ ਮਹੀਨੇ ਅਸੀਂ ਕੀ ਆਸ ਕਰ ਰਹੇ ਹਾਂ, ਉਸ ਦਾ ਅਸੀਂ ਐਲਾਨ ਕਰਾਂਗੇ ਕਿ ਕੌਣ ਇਸ ਦੀ ਉਸਾਰੀ ਕਰੇਗਾ ਤਾਂ ਜੋ ਸਾਡੇ ਕੋਲ ਮੁਕਾਬਲੇ ਵਾਲੀ ਉਸਾਰੀ ਪ੍ਰਕਿਰਿਆ ਹੋਵੇ। ਇਸ ਪਿੱਛੋਂ ਮੁੱਢਲੇ ਕੰਮ ਸ਼ੁਰੂ ਹੋ ਜਾਣਗੇ। ਉਹ ਆਸ ਕਰਦੇ ਹਨ ਕਿ ਇਸ ਦਾ ਬਹੁਤਾ ਹਿਸਾ 2026 ਵਿਚ ਪੂਰਾ ਹੋ ਜਾਵੇਗਾ ਅਤੇ 2027 ਵਿਚ ਇਸ ਨੂੰ ਖੋਲ੍ਹ ਦਿੱਤਾ ਜਾਵੇਗਾ। ਵੈਲੀ ਵਿਚ ਸਰੀ ਮੈਮੋਰੀਅਲ ਹਸਪਤਾਲ ਪਿੱਛੋਂ ਸਰੀ ਦਾ ਦੂਸਰਾ ਹਸਪਤਾਲ 1.72 ਅਰਬ ਡਾਲਰ ਦੀ ਸੰਭਾਵਤ ਲਾਗਤ ਨਾਲ 5500 180ਵੀਂ ਸਟਰੀਟ ਵਿਖੇ ਕਵਾਂਟਲਨ ਪੋਲੀਟੈਕਨਿਕ ਯੂਨੀਵਰਸਿਟੀ ਦੇ ਕੋਲ ਉਸਾਰਿਆ ਜਾਵੇਗਾ।

## 2022 ਦੇ ਜਾਨਲੇਵਾ ਹਿਟ-ਐਂਡ-ਰਨ ਮਾਮਲੇ ਵਿਚ ਦੋਸ਼ ਆਇਦ

ਐਬਟਸਫੋਰਡ-ਦਸੰਬਰ ਮਹੀਨੇ ਐਬਟਸਫੋਰਡ ਵਿਚ ਵਾਪਰੇ ਹਿਟ-ਐਂਡ-ਰਨ ਮਾਮਲੇ ਵਿਚ ਦੋਸ਼ ਲਗਾਏ ਗਏ ਹਨ ਜਿਸ ਵਿਚ 47 ਸਾਲਾ ਔਰਤ ਦੀ ਮੌਤ ਹੋ ਗਈ ਸੀ। ਪ੍ਰੋਵਿੰਸ਼ੀਅਲ ਕੋਰਟ ਡਾਟਾਬੇਸ ਮੁਤਾਬਿਕ 2001 ਵਿਚ ਜਨਮੇ ਨਿਕੀ ਵੋ 'ਤੇ ਦੁਰਘਟਨਾ ਸਮੇਂ ਮੌਕੇ 'ਤੇ ਮੌਜੂਦ ਨਾ ਰਹਿਣ ਦੇ ਦੋਸ਼ ਲਗਾਏ ਗਏ ਹਨ। ਇਹ ਦੋਸ਼ 11 ਮਈ ਨੂੰ ਐਬਟਸਫੋਰਡ ਪ੍ਰੋਵਿੰਸ਼ੀਅਲ ਅਦਾਲਤ ਵਿਚ ਲਗਾਏ ਗਏ ਸਨ। ਲੌਰੀ ਬ੍ਰਿਟਜ਼ਕੇ 16 ਦਸੰਬਰ 2022 ਨੂੰ ਸ਼ਾਮ 7.45 ਵਜੇ ਬੇਵਨ ਐਵੀਨਿਊ ਅਤੇ ਗਲੈਡਵਿਨ ਇਲਾਕੇ ਵਿਚ ਸੈਰ ਕਰ ਰਹੀ ਸੀ ਜਦੋਂ ਉਸ ਨੂੰ ਇਕ ਕਾਰ ਨੇ ਟੱਕਰ ਮਾਰ ਦਿੱਤੀ। ਡਰਾਈਵਰ ਮੌਕੇ ਤੋਂ ਭੱਜ ਗਿਆ ਪਰ ਥੋੜੀ ਦੇਰ ਬਾਅਦ ਪੁਲਿਸ ਨੇ ਉਸ ਦਾ ਪਤਾ ਲਗਾ ਲਿਆ। ਇਕ ਦਿਨ ਬਾਅਦ ਪੁਲਿਸ ਨੇ ਇਕ ਰਿਲੀਜ਼ ਵਿਚ ਦੱਸਿਆ ਸੀ ਕਿ ਡਰਾਈਵਰ ਦੀ ਪਛਾਣ ਹੋ ਗਈ ਹੈ ਅਤੇ ਉਸ ਤੋਂ ਪੁਲਿਸ ਪੁੱਛਗਿੱਛ ਕਰ ਰਹੀ ਹੈ। ਬ੍ਰਿਟਜ਼ਕੇ ਦੋ ਪੁੱਤਰਾਂ ਦੀ ਮਾਂ ਸੀ ਅਤੇ ਦੋ ਦਿਨ ਪਿੱਛੋਂ ਹਸਪਤਾਲ ਵਿਚ ਸੱਟਾਂ ਕਾਰਨ ਦਮ ਤੋੜ ਗਈ ਸੀ। ਵੋ 19 ਜੂਨ ਨੂੰ ਪਹਿਲੀ ਵਾਰ ਅਦਾਲਤ ਵਿਚ ਪੇਸ਼ ਹੋਵੇਗਾ।

## ਵੈਸਟਜੈੱਟ ਪਾਇਲਟਾਂ ਵਲੋਂ ਹੜਤਾਲ ਦਾ ਨੋਟਿਸ-ਹਜ਼ਾਰਾਂ ਲੋਕਾਂ ਦੀਆਂ ਪ੍ਰਭਾਵਤ ਹੋ ਸਕਦੀਆਂ ਹਨ ਯਾਤਰਾ ਯੋਜਨਾਵਾਂ

ਓਟਵਾ-ਕੈਨੇਡਾ ਦੀ ਦੂਸਰੀ ਸਭ ਤੋਂ ਵੱਡੀ ਏਅਰਲਾਈਨ ਵੈਸਟਜੈੱਟ ਦੇ ਪਾਇਲਟਾਂ ਨੇ ਸੋਮਵਾਰ 72 ਘੰਟੇ ਦੀ ਹੜਤਾਲ ਦਾ ਨੋਟਿਸ ਦਿੱਤਾ ਹੈ। ਕੈਲਗਰੀ ਆਧਾਰਤ ਕੰਪਨੀ ਨੇ ਇਸ ਨੋਟਿਸ ਨਾਲ ਜਵਾਬ ਦਿੱਤਾ ਕਿ ਉਸ ਦੀਆਂ ਮੁਲਾਜ਼ਮਾਂ ਨੂੰ ਰੋਕਣ ਦੀਆਂ ਯੋਜਨਾਵਾਂ ਹਨ। ਯੂਨੀਅਨ ਦਾ ਕਹਿਣਾ ਕਿ ਉਹ ਬਿਹਤਰ ਤਨਖਾਹ ਦੀ ਮੰਗ ਕਰ ਰਹੀ ਹੈ ਅਤੇ ਵੈਸਟਜੈੱਟ ਦੀ ਸਹਾਇਕ ਕੰਪਨੀ ਸਵੂਪ ਵਿਖੇ ਪਾਇਲਟਾਂ ਨੂੰ ਵੈਸਟਜੈੱਟ ਅਮਲੇ ਜਿੰਨੀ ਤਨਖਾਹ ਦਿੱਤੀ ਜਾਵੇ। ਯੂਨੀਅਨ ਮੁਤਾਬਿਕ ਪਿਛਲੇ ਸਾਲ 240 ਪਾਇਲਟਾਂ ਨੇ ਅਮਰੀਕਾ ਸਮੇਤ ਹੋਰ ਥਾਈਂ ਬਿਹਤਰ ਨੌਕਰੀਆਂ ਲਈ ਵੈਸਟਜੈੱਟ ਨੂੰ ਛੱਡ ਦਿੱਤਾ। ਲੇਬਰ ਵਿਵਾਦ ਵੀਕਐਂਡ ਅਤੇ ਇਸ ਤੋਂ ਵੀ ਅੱਗੇ ਹਜ਼ਾਰਾਂ ਯਾਤਰੀਆਂ ਦੀਆਂ ਯਾਤਰਾ ਯੋਜਨਾਵਾਂ ਵਿਚ ਵਿਘਨ ਪਾ ਸਕਦਾ ਹੈ। ਦੋਵੇਂ ਧਿਰਾਂ ਹੜਤਾਲ ਲਈ ਦਿੱਤੇ ਸਮੇਂ ਦੀ ਹੱਦ ਤੋਂ ਪਹਿਲਾਂ ਲਗਾਤਾਰ ਗੱਲਬਾਤ ਕਰ ਰਹੀਆਂ ਹਨ।

## ਜੇਕਰ ਹੜਤਾਲ ਹੋਈ ਤਾਂ ਮੇਰੀ ਉਡਾਨ ਦਾ ਕੀ ਬਣੇਗਾ ?

ਜੇਕਰ ਏਅਰ ਲਾਈਨ ਪਾਇਲਟ ਐਸੋਸੀਏਸ਼ਨ (ਏਐਲਪੀਏ) ਅਤੇ ਵੈਸਟਜੈੱਟ ਵਿਚਕਾਰ ਕੋਈ ਸਮਝੌਤਾ ਨਾ ਹੋਇਆ ਤਾਂ ਯੂਨੀਅਨ ਹੜਤਾਲ ਕਰੇਗੀ ਜਿਸ ਕਾਰਨ ਜਹਾਜ਼ ਨਹੀਂ ਉਡਣਗੇ ਅਤੇ ਯਾਤਰੀਆਂ ਦੀਆਂ ਲੰਬੇ ਵੀਕਐਂਡ 'ਤੇ ਯੋਜਨਾਵਾਂ ਪ੍ਰਭਾਵਤ ਹੋਣਗੀਆਂ। ਵੈਸਟਜੈੱਟ ਤੇ ਸਵੂਪ ਵਿਖੇ ਸ਼ੁੱਕਰਵਾਰ ਸਵੇਰੇ 5 ਵਜੇ ਹੜਤਾਲ ਨਾਲ ਉਡਾਨਾਂ ਪ੍ਰਭਾਵਤ ਹੋ ਜਾਣਗੀਆਂ। ਉਡਾਨਾਂ ਵਿਚ ਵਿਘਨ ਵੀਰਵਾਰ ਤੋਂ ਸ਼ੁਰੂ ਹੋ ਸਕਦਾ ਹੈ ਕਿਉਂਕਿ ਹੜਤਾਲ ਤੋਂ ਪਹਿਲਾਂ ਜਹਾਜ਼ਾਂ ਨੂੰ ਕੁਝ ਥਾਵਾਂ 'ਤੇ ਖੜੇ ਕੀਤੇ ਜਾਣ ਦੀ ਲੋੜ ਹੈ। ਇਕ ਬਿਆਨ ਵਿਚ ਯੂਨੀਅਨ ਨੇ ਕਿਹਾ ਕਿ ਸੰਭਾਵਤ ਹੜਤਾਲ ਵਿਚ ਜਹਾਜ਼ਾਂ ਨੂੰ ਜ਼ਮੀਨ 'ਤੇ ਖੜੇ ਰੱਖਣਾ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਰੇਸ਼ਨਾਂ ਨੂੰ ਬੰਦ ਕਰਨ ਦੀ ਕਾਰਵਾਈ ਹੋ ਸਕਦਾ ਹੈ। ਵੈਸਟਜੈੱਟ ਨੇ ਕਿਹਾ ਕਿ ਉਹ ਘਟਾਏ ਸ਼ਡਿਊਲ ਮੁਤਾਬਿਕ ਆਪਰੇਸ਼ਨ ਲਈ ਤਿਆਰ ਰਹੇਗਾ ਅਤੇ ਲਚਕਦਾਰ ਉਡਾਨ ਤਬਦੀਲੀ ਅਤੇ ਰੱਦ ਕਰਨ ਦਾ ਪ੍ਰਬੰਧ ਮੁਹੱਈਆ ਕਰੇਗਾ।

## ਹਸਪਤਾਲ ਵਿਚ ਮਰੀਜ਼ ਨੂੰ ਦੇਖਣ ਗਏ ਇਕ ਕਿਸ਼ੋਰ ਸਮੇਤ ਦੋ ਵਿਅਕਤੀਆਂ 'ਤੇ ਚਾਕੂ ਨਾਲ ਹਮਲਾ

ਸਰੀ-ਪਿਛਲੇ ਦਿਨੀ ਸਰੀ ਮੈਮੋਰੀਅਲ ਹਸਪਤਾਲ ਵਿਚ ਇਕ ਮਰੀਜ਼ ਨੂੰ ਦੇਖਣ ਗਏ 16 ਸਾਲਾ ਕਿਸ਼ੋਰ ਸਮੇਤ ਦੋ ਵਿਅਕਤੀਆਂ ਦੇ ਛੁਰਾ ਮਾਰ ਦਿੱਤਾ ਗਿਆ। ਇਸ ਮਾਮਲੇ ਵਿਚ 24 ਸਾਲਾ ਅਲੈਕਸ ਜੋਸਫ ਫਲੇਟ ਖਿਲਾਫ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਲਗਾਏ ਗਏ ਹਨ। ਸਰੀ ਆਰਸੀਐਮਪੀ ਨੇ ਦੱਸਿਆ ਕਿ ਘਟਨਾ ਰਾਤ 10.30 ਵਜੇ ਵਾਪਰੀ ਅਤੇ ਸ਼ੁਰੂ ਵਿਚ ਸ਼ੱਕੀ ਨੂੰ ਹਸਪਤਾਲ ਸਕਿਉਰਟੀ ਨੇ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਦੱਸਿਆ ਕਿ ਹਮਲੇ ਵਿਚ ਜ਼ਖ਼ਮੀ ਹੋਇਆ ਕਿਸ਼ੋਰ ਤੇ 51 ਸਾਲਾ ਵਿਅਕਤੀ ਇਕੋ ਪਰਿਵਾਰ ਨਾਲ ਸਬੰਧਤ ਹਨ ਅਤੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਮੁੱਢਲੇ ਸੰਕੇਤ ਦੱਸਦੇ ਹਨ ਕਿ ਇਹ ਹਮਲਾ ਬਿਨ੍ਹਾਂ ਕਿਸੇ ਕਾਰਨ ਕੀਤਾ ਗਿਆ ਸੀ। ਹਮਲਾਵਰ ਫਲੇਟ ਅਦਾਲਤ ਵਿਚ ਆਪਣੀ ਅਗਲੇ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ। ਸਰੀ ਆਰਸੀਐਮਪੀ ਕਾਰਪੋਰਲ ਵਨੇਸਾ ਮੁਨ ਨੇ ਕਿਹਾ ਕਿ ਇਹ ਪੀੜਤਾਂ, ਉਨ੍ਹਾਂ ਦੇ ਪਰਿਵਾਰਾਂ, ਮਰੀਜ਼ਾਂ, ਵਿਜ਼ਟਰਜ਼ ਅਤੇ ਹਸਪਤਾਲ ਵਿਖੇ ਸਟਾਫ ਸਮੇਤ ਸਾਰੇ ਪ੍ਰਭਾਵਤ ਵਿਅਕਤੀਆਂ ਲਈ ਪ੍ਰੇਸ਼ਾਨ ਕਰਨ ਵਾਲੀ ਘਟਨਾ ਹੈ। ਅਸੀਂ ਹਸਪਤਾਲ ਸੁਰੱਖਿਆ ਦੀ ਤੁਰੰਤ ਕਾਰਵਾਈ ਲਈ ਧੰਨਵਾਦੀ ਹਾਂ ਜਿਨ੍ਹਾਂ ਨੇ ਪੁਲਿਸ ਦੇ ਪਹੁੰਚਣ ਤਕ ਸ਼ੱਕੀ ਨੂੰ ਕਾਬੂ ਕਰਕੇ ਰੱਖਿਆ।

## ਫਰੰਟ ਲਾਈਨ ਐਮਰਜੈਂਸੀ ਮੈਡੀਕਲ ਕੇਅਰ ਲਈ ਅਲਬਰਟਾ ਐਨਡੀਪੀ ਵਲੋਂ ਜ਼ਿਆਦਾ ਪੈਸੇ ਤੇ ਵਸੀਲਿਆਂ ਦਾ ਵਾਅਦਾ

ਐਡਮਿੰਟਨ-ਅਲਬਰਟਾ ਦੀ ਐਨਡੀਪੀ ਇਸ ਗੱਲ ਦਾ ਵਾਅਦਾ ਕਰ ਰਹੀ ਹੈ ਕਿ ਜੇਕਰ ਉਹ 29 ਮਈ ਦੀਆਂ ਚੋਣਾਂ ਵਿਚ ਜਿੱਤਦੀ ਹੈ ਤਾਂ ਉਹ ਐਮਰਜੈਂਸੀ ਮੈਡੀਕਲ ਸੇਵਾਵਾਂ ਲਈ ਫੰਡ ਵਧਾ ਦੇਵੇਗੀ। ਐਨਡੀਪੀ ਉਮੀਦਵਾਰ ਡੇਵਿਡ ਸ਼ੇਪਰਡ ਨੇ ਕਿਹਾ ਕਿ ਪਾਰਟੀ ਇਸ ਸਾਲ 50 ਮਿਲੀਅਨ ਡਾਲਰ ਅਤੇ ਅਗਲੇ ਦੋ ਸਾਲ 75-75 ਮਿਲੀਅਨ ਡਾਲਰ ਦੇ ਫੰਡ ਦਾ ਵਾਧਾ ਕਰੇਗੀ। ਉਨ੍ਹਾਂ ਕਿਹਾ ਕਿ ਪੈਸਾ ਮਰੀਜ਼ਾਂ ਦੀ ਬਿਹਤਰ ਦੇਖਭਾਲ ਵਿਚ ਸਹਾਇਤਾ ਕਰੇਗਾ ਅਤੇ ਪੈਰਾਮੈਡਿਕਸ ਦੇ ਕੰਮ ਦੇ ਬੋਝ ਨੂੰ ਹਲਕਾ ਕਰੇਗਾ। ਐਨਡੀਪੀ 16 ਕਮਿਊਨਿਟੀ ਪੈਰਾਮੈਡਿਕਸ ਯੂਨਿਟ ਵੀ ਸ਼ਾਮਿਲ ਕਰੇਗੀ ਜਿਨ੍ਹਾਂ ਵਿਚੋਂ ਅੱਠ ਕੈਲਗਰੀ ਤੇ ਐਡਮਿੰਟਨ ਵਿਚ ਅਤੇ 8 ਛੋਟੇ ਸੈਂਟਰਾਂ ਵਿਚ ਹੋਣਗੇ। ਐਨਡੀਪੀ ਦਾ ਕਹਿਣਾ ਕਿ ਯੂਨਾਈਟਡ ਕੰਸਰਵੇਟਿਵ ਤਨਖਾਹਾਂ ਅਤੇ ਸੇਵਾਵਾਂ ਦੀ ਲੜਾਈ ਵਿਚ ਫੈਮਿਲੀ ਡਾਕਟਰਾਂ ਨੂੰ ਭਜਾ ਕੇ ਸਿਹਤ ਸੰਭਾਲ ਵਿਚ ਨਾਕਾਮ ਰਹੇ ਜਿਸ ਨਾਲ ਐਮਰਜੈਂਸੀ ਸੇਵਾਵਾਂ ਸੁਸਤ ਹੋ ਗਈਆਂ। ਉਧਰ ਯੂਸੀਪੀ ਦਾ ਕਹਿਣਾ ਕਿ ਸਿਹਤ ਸੇਵਾਵਾਂ 'ਤੇ ਖਰਚ ਵਧਾਉਣ ਅਤੇ ਫਰੰਟ ਲਾਈਨਾਂ ਵੱਲ ਹੋਰ ਵਸੀਲੇ ਲਿਜਾਣ ਨਾਲ ਈਐਮਐਸ ਵਿਚ ਉਡੀਕ ਸਮੇਂ ਵਿਚ ਬਹੁਤ ਸੁਧਾਰ ਹੋਇਆ ਹੈ।






# ਟਰਾਂਸਜੈਂਡਰ ਬੱਚਿਆਂ ਦੀ ਭੋਜਨ ਵਿਚ ਮਲ ਨਾਲ ਤੁਲਨਾ ਕਰਨ ਲਈ ਯੂਸੀਪੀ ਉਮੀਦਵਾਰ ਨੇ ਮੰਗੀ ਮੁਆਫੀ

ਐਡਮਿੰਟਨ-ਯੂਨਾਈਟਡ ਕੰਸਰਵੇਟਿਵ ਪਾਰਟੀ ਉਮੀਦਵਾਰ ਜਿਸ ਨੇ ਸਕੂਲਾਂ ਵਿਚ ਟਰਾਂਸਜੈਂਡਰ ਬੱਚਿਆਂ ਦੀ ਭੋਜਨ ਵਿਚ ਮਲ ਨਾਲ ਤੁਲਨਾ ਕੀਤੀ ਸੀ ਨੇ ਕਿਹਾ ਕਿ ਉਸ ਨੂੰ ਇਸ 'ਤੇ ਅਫਸੋਸ ਹੈ ਅਤੇ ਉਸ ਦੀਆਂ ਇਸ ਸਬੰਧੀ ਸਿੱਖਿਆ ਲੈਣ ਦੀਆਂ ਯੋਜਨਾਵਾਂ ਹਨ ਅਤੇ ਉਹ 29 ਮਈ ਦੀਆਂ ਅਲਬਰਟਾ ਚੋਣਾਂ ਲੜਨਾ ਜਾਰੀ ਰੱਖ ਰਹੀ ਹੈ। ਇਕ ਬਿਆਨ ਵਿਚ ਜੇਨੀਫਰ ਜੌਹਨਸਨ ਨੇ ਕਿਹਾ ਕਿ ਸਤੰਬਰ 2022 ਵਿਚ ਇਨ੍ਹਾਂ ਮੁੱਦਿਆਂ 'ਤੇ ਉਸ ਨੇ ਜਿਸ ਤਰੀਕੇ ਨਾਲ ਚਰਚਾ ਕੀਤੀ ਉਸ ਲਈ ਉਹ ਮੁਆਫੀ ਮੰਗਦੀ ਹੈ। ਉਸ ਕੋਲ ਸਾਰਿਆਂ ਲਈ ਬਰਾਬਰ ਪਿਆਰ ਤੇ ਹਮਦਰਦੀ ਤੋਂ ਇਲਾਵਾ ਕੁਝ ਨਹੀਂ ਅਤੇ ਉਹ ਇਸ ਗੱਲ ਤੋਂ ਸ਼ਰਮਿੰਦਾ ਹੈ ਕਿ ਉਸ ਨੇ ਇਸ ਤਰੀਕੇ ਨਾਲ ਦੁਖੀ ਕੀਤਾ ਹੈ। ਜੌਹਨਸਨ ਨੇ ਅੱਗੇ ਕਿਹਾ ਕਿ ਉਹ ਬੱਚਿਆਂ ਲਈ ਸੰਭਾਵੀ ਤੌਰ 'ਤੇ ਜੀਵਨ ਬਦਲਣ ਵਾਲੀਆਂ ਡਾਕਟਰੀ ਪ੍ਰਕਿਰਿਆਵਾਂ ਤੋਂ ਚਿੰਤਤ ਹੈ। ਜੇਕਰ ਉਹ ਐਮਐਲਏ ਚੁਣੀ ਗਈ ਤਾਂ ਉਹ ਇਸ ਗੱਲ 'ਤੇ ਸਲਾਹ ਲਵੇਗੀ ਕਿ ਆਪਣੇ ਵਿਚਾਰਾਂ ਨੂੰ ਕਿਵੇਂ ਬਿਹਤਰ ਤਰੀਕੇ ਨਾਲ ਦੱਸਣਾ ਹੈ ਅਤੇ ਇਨ੍ਹਾਂ ਅਰਥਭਰਪੂਰ ਮੁੱਦਿਆਂ 'ਤੇ ਅੱਗੇ ਵਧਣ ਲਈ ਕਿਵੇਂ ਚਰਚਾ ਕੀਤੀ ਜਾਵੇ। ਜੌਹਨਸਨ ਲੈਕੋਂਬੇ-ਪੋਨੋਕਾ ਤੋਂ ਉਮੀਦਵਾਰ ਵਜੋਂ ਪਹਿਲੀ ਵਾਰ ਲੈਜਿਸਲੇਚਰ ਵਿਚ ਦਾਖਲ ਹੋਣ ਲਈ ਚੋਣ ਲੜ ਰਹੀ ਹੈ।

# ਸਾਬਕਾ ਵਿਧਾਇਕ ਕੁਸ਼ਲਦੀਪ ਢਿੱਲੋਂ ਗ੍ਰਿਫ਼ਤਾਰ

ਫਰੀਦਕੋਟ-ਫ਼ਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਅੱਜ ਇੱਥੇ ਡਿਊਟੀ ਮੈਜਿਸਟਰੇਟ ਦਮਨਦੀਪ ਕਮਲ ਹੀਰਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਸਾਬਕਾ ਵਿਧਾਇਕ ਨੂੰ ਪੁੱਛਗਿੱਛ ਲਈ ਪੰਜ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜਣ ਦਾ ਹੁਕਮ ਦਿੱਤਾ ਹੈ। ਵਿਜੀਲੈਂਸ ਨੇ ਅਦਾਲਤ ਨੂੰ ਦੱਸਿਆ ਕਿ ਕੁਸ਼ਲਦੀਪ ਸਿੰਘ ਢਿੱਲੋਂ ਨੇ ਪੰਜ ਸਾਲਾਂ ਵਿੱਚ ਆਪਣੀ ਆਮਦਨ ਨਾਲੋਂ 7 ਕਰੋੜ 97 ਲੱਖ ਰੁਪਏ ਵੱਧ ਖਰਚੇ ਹਨ ਅਤੇ ਇਸ ਦੇ ਨਾਲ ਹੀ ਪਿੰਡ ਮੁਮਾਰਾ ਵਿੱਚ 42 ਕਿੱਲੇ ਬੇਨਾਮੀ ਜਾਇਦਾਦ ਬਣਾਈ ਹੈ। ਵਿਜੀਲੈਂਸ ਵੱਲੋਂ ਰਿਮਾਂਡ ਲਈ ਦਿੱਤੀ ਗਈ ਅਰਜ਼ੀ ਅਨੁਸਾਰ ਸਾਬਕਾ ਵਿਧਾਇਕ ਨੇ ਨਿਊ ਚੰਡੀਗੜ੍ਹ ਵਿੱਚ ਬਣ ਰਹੇ ਫਾਰਮ ਹਾਊਸ 'ਤੇ ਦੱਸੀ ਗਈ ਰਕਮ ਨਾਲੋਂ 2 ਕਰੋੜ 70 ਲੱਖ ਰੁਪਏ ਵੱਧ ਖਰਚੇ ਅਤੇ ਕਿੱਕੀ ਢਿੱਲੋਂ ਦੇ ਖਾਤੇ ਵਿੱਚ ਉਸ ਦੀ ਮਾਤਾ ਵੱਲੋਂ 1 ਕਰੋੜ 64 ਲੱਖ ਰੁਪਏ ਅਤੇ ਉਸ ਦੀ ਪਤਨੀ ਵੱਲੋਂ 96 ਲੱਖ ਰੁਪਏ ਭੇਜੇ ਗਏ ਹਨ। ਇਸ ਬਾਰੇ ਪੁੱਛਗਿੱਛ ਦੌਰਾਨ ਸਾਬਕਾ ਵਿਧਾਇਕ ਨੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਲੋੜੀਂਦੇ ਕਾਗਜ਼ਾਤ ਮੁਹੱਈਆ ਨਹੀਂ ਕਰਵਾਏ ਅਤੇ ਜਾਂਚ ਵਿੱਚ ਵੀ ਸਹਿਯੋਗ ਨਹੀਂ ਕੀਤਾ। ਵਿਜੀਲੈਂਸ ਨੇ ਸਾਬਕਾ ਵਿਧਾਇਕ ਦਾ ਦਸ ਦਿਨਾਂ ਲਈ ਪੁਲੀਸ ਰਿਮਾਂਡ ਮੰਗਿਆ ਸੀ। ਸੀਨੀਅਰ ਵਕੀਲਾਂ ਦੀ ਹੋਈ ਲੰਬੀ ਬਹਿਸ ਤੋਂ ਬਾਅਦ ਅਦਾਲਤ ਨੇ ਸਾਬਕਾ ਵਿਧਾਇਕ ਨੂੰ 22 ਮਈ ਤੱਕ ਪੁਲੀਸ ਰਿਮਾਂਡ 'ਤੇ ਭੇਜਣ ਦਾ ਹੁਕਮ ਦਿੱਤਾ। ਅੱਜ ਕੁਸ਼ਲਦੀਪ ਸਿੰਘ ਢਿੱਲੋਂ ਦੀ ਅਦਾਲਤ ਵਿੱਚ ਪੇਸ਼ੀ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਤ੍ਰਿਪਤਇੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਸੁੱਖ ਸਰਕਾਰੀਆ ਆਦਿ ਹਾਜ਼ਰ ਸਨ।



# ਇੰਗਲਸ਼ ਬੇਅ ਬੀਚ 'ਤੇ ਜਿਣਸੀ ਹਮਲੇ ਵਿਚ ਇਕ ਵਿਅਕਤੀ ਗ੍ਰਿਫ਼ਤਾਰ

ਵੈਨਕੂਵਰ-ਵੀਕਐਂਡ 'ਤੇ ਇੰਗਲਸ਼ ਬੇਅ ਬੀਚ ਵਿਖੇ ਇਕ ਸਨਬਾਥਰ 'ਤੇ ਜਿਣਸੀ ਹਮਲਾ ਕਰਨ ਵਾਲੇ ਵਿਅਕਤੀ ਨੂੰ ਵੈਨਕੂਵਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ 40 ਦੇ ਦਹਾਕੇ ਦੀ ਇਕ ਔਰਤ ਮਸ਼ਹੂਰ ਡਾਊਨਟਾਊਨ ਵੈਨਕੂਵਰ ਬੀਚ 'ਤੇ ਸ਼ਾਮ 7.30 ਵਜੇ ਧੁੱਪ ਸੇਕ ਰਹੀ ਸੀ ਜਦੋਂ ਉਸ ਕੋਲ ਆ ਕੇ ਇਕ ਵਿਅਕਤੀ ਨੇ ਕਿਹਾ ਕਿ ਉਹ ਮਸਾਜ ਥੇਰੈਪਿਸਟ ਹੈ। ਇਸ ਵਿਅਕਤੀ ਨੇ ਔਰਤ ਨੂੰ ਛੂਹਣਾ ਸ਼ੁਰੂ ਕਰ ਦਿੱਤਾ ਅਤੇ ਪਰ੍ਹੇ ਜਾਣ ਤੋਂ ਪਹਿਲਾਂ ਉਸ ਉੱਪਰ ਜਿਣਸੀ ਹਮਲਾ ਕੀਤਾ। ਔਰਤ ਨੇ 911 'ਤੇ ਫੋਨ ਕਰ ਦਿੱਤਾ। ਪੁਲਿਸ ਨੇ ਸਟੈਨਲੇ ਪਾਰਕ ਵੱਲ ਨੂੰ ਜਾ ਰਹੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਸ਼ੱਕੀ ਨੇ ਮਦਰਜ਼ ਡੇਅ ਵੀਕਐਂਡ ਦੌਰਾਨ ਬੀਚ 'ਤੇ ਹੋਰ ਲੋਕਾਂ ਤਕ ਵੀ ਪਹੁੰਚ ਕੀਤੀ ਹੋ ਸਕਦੀ ਹੈ ਅਤੇ ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਉਸ ਨਾਲ ਕਿਸੇ ਨੇ ਵੀ ਗੱਲਬਾਤ ਕੀਤੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

# ਕੈਨੇਡਾ ਤੇ ਦੱਖਣੀ ਕੋਰੀਆ ਸਵੱਛ ਊਰਜਾ ਸਪਲਾਈ ਚੇਨ ਲਈ ਮਿਲ ਕੇ...

ਸ.ਫਾ 1 ਦੀ ਬਾਕੀ


ਕੋਰੀਆ ਨਾਲ ਜੈਵ ਵਿਭਿੰਨਤਾ ਬਾਰੇ ਸੰਯੁਕਤ ਰਾਸ਼ਟਰ ਸੰਮੇਲਨ ਦੀ ਸਹਿ-ਮੇਜ਼ਬਾਨੀ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਅਸੀਂ ਆਰਥਿਕ ਆਧਾਰ 'ਤੇ ਚੀਨ ਨਾਲ ਕਿਥੇ ਮੁਕਾਬਲਾ ਕਰਨ ਜਾ ਰਹੇ ਹਾਂ ਅਤੇ ਸਾਨੂੰ ਮਾਨਵੀ ਹੱਕਾਂ ਅਤੇ ਹੋਰ ਮੁੱਦਿਆਂ 'ਤੇ ਚੀਨ ਨੂੰ ਕਿਥੇ ਚੁਣੌਤੀ ਦੇਣ ਦੀ ਲੋੜ ਹੈ। ਟਰੂਡੋ ਦੇ ਦੱਖਣੀ ਕੋਰੀਆ ਦੇ ਸਰਕਾਰੀ ਦੌਰੇ ਦੌਰਾਨ ਉਨ੍ਹਾਂ ਦੀ ਸਰਕਾਰ ਨੇ ਅਹਿਮ ਖਣਿਜਾਂ, ਸਵੱਛ ਊਰਜਾ ਟਰਾਂਜ਼ੀਸ਼ਨ ਅਤੇ ਐਨਰਜੀ ਸੁਰੱਖਿਆ ਦੇ ਸਮਿਹਤੀ ਪੱਤਰ 'ਤੇ ਦਸਤਖ਼ਤ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਦਾ ਮਤਲਬ ਕੈਨੇਡਾ ਦਾ ਨਿਵੇਸ਼ ਤੇ ਵਪਾਰ ਵਧੇਗਾ। ਇਲੈਕਟ੍ਰਿਕ ਮੋਟਰ ਗੱਡੀਆਂ ਦੀਆਂ ਬੈਟਰੀਆਂ ਵਰਗੀਆਂ ਵਸਤਾਂ ਬਣਾਉਣ ਲਈ ਹੋਰ ਜਬਰਦਸਤ ਸਪਲਾਈ ਚੇਨ ਖੜ੍ਹੀ ਕਰਨ ਦੇ ਹਿੱਸੇ ਵਜੋਂ ਓਟਵਾ ਨੇ ਆਪਣੀ ਅਹਿਮ ਖਣਿਜ ਇੰਡਸਟਰੀ ਨੂੰ ਅੱਗੇ ਵਧਾਉਣ 'ਤੇ ਆਪਣਾ ਧਿਆਨ ਵਸੀਲਿਆਂ 'ਤੇ ਜ਼ਿਆਦਾ ਕੇਂਦਰਿਤ ਕੀਤਾ ਹੈ। ਦੱਖਣੀ ਕੋਰੀਆ ਨਾਲ ਸਹਿਯੋਗ ਵਧਾਉਣ ਦੀ ਉਸ ਸਮੇਂ ਗੱਲਬਾਤ ਕੀਤੀ ਗਈ ਜਦੋਂ ਜੀ7 ਰਾਸ਼ਟਰ ਦੋਸਤੀ ਵਧਾਉਣ ਦੇ ਵਿਚਾਰ 'ਤੇ ਤੇਜ਼ੀ ਨਾਲ ਚਰਚਾ ਕਰ ਰਹੇ ਹਨ। ਪਿਛਲੇ ਹਫ਼ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਜੀ7 ਦੇਸ਼ਾਂ ਦੇ ਵਿੱਤ ਮੰਤਰੀਆਂ ਨਾਲ ਮੀਟਿੰਗ ਕੀਤੀ ਅਤੇ ਇਸ ਗੱਲ 'ਤੇ ਚਰਚਾ ਕੀਤੀ ਕਿ ਹਮਖਿਆਲ ਦੇਸ਼ਾਂ ਵਿਚਕਾਰ ਸਹਿਯੋਗ ਕਿਵੇਂ ਵਧਾਇਆ ਜਾਵੇ। ਉਧਰ ਚੀਨ ਨੇ ਅਮਰੀਕਾ ਤੇ ਦੂਸਰੇ ਜੀ7 ਦੇਸ਼ਾਂ ਦੇ ਇਨ੍ਹਾਂ ਦਾਅਵਿਆਂ ਨੂੰ ਪਾਖੰਡ ਦੱਸਿਆ ਕਿ ਉਹ ਬੀਜਿੰਗ ਤੇ ਦੂਸਰੇ ਖ਼ਤਰਿਆਂ ਦੀ ਆਰਥਿਕ ਧੱਕੇਸ਼ਾਹੀ ਵਿਰੁੱਧ ਨਿਯਮ ਆਧਾਰਤ ਅੰਤਰਰਾਸ਼ਟਰੀ ਵਿਵਸਥਾ ਦੀ ਰਾਖੀ ਕਰ ਰਹੇ ਹਨ।

# ਸਿੱਧਾਰਮਈਆ ਕਰਨਾਟਕ ਦੇ ਨਵੇਂ ਮੁੱਖ ਮੰਤਰੀ ਹੋਣਗੇ

ਸ.ਫਾ 1 ਦੀ ਬਾਕੀ

ਨੂੰ ਪੂਰਾ ਕਰਨ ਲਈ ਵਚਨਬੱਧ ਹੈ ਤੇ ਕੈਬਨਿਟ ਦੀ ਪਹਿਲੀ ਮੀਟਿੰਗ ਵਿੱਚ ਇਨ੍ਹਾਂ 'ਤੇ ਕਾਰਵਾਈ ਹੋਵੇਗੀ। ਸਿੱਧਾਰਮਈਆ ਤੇ ਸ਼ਿਵਕੁਮਰ ਵਿਚਾਲੇ ਤਾਕਤਾਂ ਦੀ ਵੰਡ ਫਾਰਮੂਲੇ ਬਾਰੇ ਪੁੱਛਣ 'ਤੇ ਵੇਣੂਗੋਪਾਲ ਨੇ ਕਿਹਾ ਕਿ ਇਸ ਦਾ ਇਕੋ ਇਕ ਫਾਰਮੂਲਾ ਕਰਨਾਟਕ ਦੇ ਲੋਕਾਂ ਨਾਲ ਸੱਤਾ ਦੀ ਸਾਂਝ ਪਾਉਣਾ ਹੈ। ਉਨ੍ਹਾਂ ਕਿਹਾ, "ਕਾਂਗਰਸ ਜਮਹੂਰੀ ਪਾਰਟੀ ਹੈ ਤੇ ਅਸੀਂ ਤਾਨਾਸ਼ਾਹੀ ਵਿੱਚ ਨਹੀਂ... ਸਰਬਸੰਮਤੀ ਵਿੱਚ ਯਕੀਨ ਕਰਦੇ ਹਾਂ।" ਵੇਣੂਗੋਪਾਲ ਨੇ ਕਰਨਾਟਕ ਵਿੱਚ ਮਿਲੀ 'ਸ਼ਾਨਦਾਰ' ਜਿੱਤ ਦਾ ਸਿਹਰਾ ਸੂਬੇ ਦੇ ਲੋਕਾਂ ਤੇ ਪਾਰਟੀ ਆਗੂਆਂ ਸਿਰ ਬੰਨ੍ਹਦਿਆਂ ਕਿਹਾ ਕਿ ਇਹ ਚੋਣਾਂ ਸਪਸ਼ਟ ਰੂਪ ਵਿੱਚ ਗਰੀਬ ਤੇ ਅਮੀਰ ਦਰਮਿਆਨ ਲੜਾਈ ਸੀ ਅਤੇ ਗਰੀਬ ਤੇ ਮੱਧਵਰਗ ਨੇ ਕਾਂਗਰਸ ਪਾਰਟੀ ਦਾ ਸਾਥ ਦਿੱਤਾ। ਉਨ੍ਹਾਂ ਚੋਣ ਪ੍ਰਚਾਰ ਦੌਰਾਨ ਪਾਰਟੀ ਕੇਡਰ ਨੂੰ ਦਿੱਤੀ ਸੇਧ ਲਈ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਜਿੱਤ ਦਾ ਆਗਾਜ਼ 'ਭਾਰਤ ਜੋੜੋ ਯਾਤਰਾ' ਦੇ ਸਮੇਂ ਤੋਂ ਹੀ ਹੋ ਗਿਆ ਸੀ। ਉਨ੍ਹਾਂ ਜੋਸ਼ੀਲੇ ਚੋਣ ਪ੍ਰਚਾਰ ਤੇ ਸੇਧ ਲਈ ਰਾਹੁਲ ਗਾਂਧੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਵੇਣੂਗੋਪਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਪਿਛਲੇ ਦੋ-ਤਿੰਨ ਦਿਨਾਂ ਤੋਂ ਸਰਬਸੰਮਤੀ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਸੀ ਤੇ ਦੋਵੇਂ ਆਗੂ 'ਕੱਦਾਵਰ' ਹਨ। ਉਨ੍ਹਾਂ ਕਿਹਾ ਕਿ ਸਿੱਧਾਰਮਈਆ ਸਭ ਤੋਂ ਸੀਨੀਅਰ ਸਿਆਸਤਦਾਨ ਤੇ ਯੋਗ ਪ੍ਰਸ਼ਾਸਕ ਹਨ, ਜਿਨ੍ਹਾਂ ਇਨ੍ਹਾਂ ਚੋਣਾਂ ਵਿੱਚ ਬਹੁਤ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸ਼ਿਵਕੁਮਾਰ ਨੇ ਕਰਨਾਟਕ ਵਿੱਚ ਚੋਣ ਪ੍ਰਚਾਰ 'ਚ ਜਾਨ ਪਾਉਂਦਿਆਂ ਇਸ ਨੂੰ ਭਖਾਈ ਰੱਖਿਆ। ਦੋਵਾਂ ਆਗੂਆਂ ਦਾ 'ਬਹੁਤ ਚੰਗਾ ਸੁਮੇਲ' ਹੈ। ਉਨ੍ਹਾਂ ਕਿਹਾ, "ਦੋਵੇਂ ਆਗੂ ਕਾਂਗਰਸ ਪਾਰਟੀ ਲਈ ਵੱਡੇ ਅਸਾਸੇ ਹਨ" ਤੇ ਦੋਵਾਂ ਵੱਲੋਂ ਮੁੱਖ ਮੰਤਰੀ ਬਣਨ ਦੀ ਤਾਂਘ ਰੱਖਣੀ ਜਾਇਜ਼ ਸੀ।






23 ਮਈ ਇਤਿਹਾਸਕ ਦਿਨ 'ਤੇ ਵਿਸ਼ੇਸ਼

# ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ

ਡਾ: ਗੁਰਵਿੰਦਰ ਸਿੰਘ

ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਕੋਮਾਗਾਟਾ ਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ। ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। ਦਰਅਸਲ 109 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ)', ਜਿਸ ਨੂੰ ਉਸ ਦੇ ਜਾਪਾਨੀ ਨਾਂਅ ਕੋਮਾਗਾਟਾ ਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਜਬਰੀ ਭਾਰਤ ਵਾਪਸ ਮੋੜ ਦਿੱਤਾ ਸੀ। ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫ਼ਰਾਂ ਨੇ ਨਸਲਵਾਦ ਹੰਢਾਇਆ, ਉਹ ਬਸਤੀਵਾਦ ਦੇ ਖਿਲਾਫ ਲੜੇ। ਉਹ ਦੇਸ਼ ਦੇ ਆਜ਼ਾਦੀ ਘੁਲਾਟੀਏ ਸਨ, ਜਿਹਨਾਂ ਨੇ ਵਿਸਾਰਨਾ ਅਕ੍ਰਿਤਘਣਤਾ ਦੀ ਸਿਖਰ ਹੈ। ਦਰਅਸਲ ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਕੋਮਾਗਾਟਾਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ। ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। ਦਰਅਸਲ 108 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਉਸ ਨੂੰ ਜਬਰੀ ਵਾਪਸ ਮੋੜ ਦਿੱਤਾ ਸੀ।





ਇਹ ਸਮੁੰਦਰੀ ਬੇੜਾ ਜਾਪਾਨ ਤੋਂ ਖ਼ਰੀਦਣ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਇਸ ਦਾ ਨਾਂ ਸ੍ਰੀ ਗੁਰੂ ਨਾਨਕ ਜਹਾਜ਼ ਰੱਖਿਆ ਸੀ, ਜਿਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਉਨ੍ਹਾਂ ਆਤਮ-ਕਥਾ (ਜ਼ੁਲਮੀ ਕਥਾ) "ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ" ਵਿੱਚ ਬਿਆਨ ਕੀਤੀ ਹੈ। ਚਾਹੇ ਬਹੁਤ ਸਾਰੇ ਇਤਿਹਾਸਕਾਰਾਂ ਵੱਲੋਂ ਅੱਜ ਵੀ ਜਾਣ-ਬੁੱਝ ਕੇ ਜਾਂ ਅਣਜਾਣੇ ਵਿੱਚ ਇਸ ਨੂੰ ਜਾਪਾਨੀ ਨਾਂਅ ਕੋਮਾਗਾਟਾਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਪਰ ਜਹਾਜ਼ ਖ਼ਰੀਦਣ ਮਗਰੋਂ ਇਸ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ। ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਇਥੇ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਿਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। ਜ਼ੁਲਮ-ਸਿਤਮ ਦੀ ਇਹ ਹੱਦ ਸੀ ਕਿ ਮੁਸਾਫ਼ਿਰਾਂ ਨਾਲ ਅਣਮਨੁੱਖੀ ਵਰਤਾਉ ਕੀਤਾ ਗਿਆ ਤੇ ਇਕ ਹੋਰ ਜਹਾਜ਼ ਰਾਹੀਂ ਹਮਲਾ ਕਰਕੇ, ਕੋਮਾਗਾਟਾਮਾਰੂ ਬੇੜੇ ਨੂੰ ਡੋਬਣ ਦੀ ਵੀ ਸਾਜ਼ਿਸ਼ ਰਚੀ ਗਈ। ਨਸਲੀ ਵਰਤਾਓ ਤੇ ਧੱਕੇਸ਼ਾਹੀ ਕਰਦਿਆਂ ਜਹਾਜ਼ ਨੂੰ ਭਾਰਤ ਵਾਪਸ ਮੋੜ ਦਿੱਤਾ ਗਿਆ, ਜਿਥੇ 28 ਸਤੰਬਰ 1914 ਨੂੰ ਕਲਕੱਤੇ ਦੇ ਬਜਬਜ ਘਾਟ 'ਤੇ ਬ੍ਰਿਟਿਸ਼ ਸਰਕਾਰ ਵੱਲੋਂ ਮੁਸਾਫ਼ਿਰਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਨਤੀਜੇ ਵਜੋਂ 19 ਵਿਅਕਤੀ ਸ਼ਹੀਦ ਹੋ ਗਏ ਤੇ ਅਨੇਕਾਂ ਨੂੰ ਸਖ਼ਤ ਸਜ਼ਾਵਾਂ ਹੋਈਆਂ। ਕੈਨੇਡਾ ਦੀ ਧਰਤੀ 'ਤੇ ਕਾਮਾਗਾਟਾਮਾਰੂ ਦੁਖਾਂਤ ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਗ਼ਦਰੀ ਬਾਬਿਆਂ ਦੀ ਸੋਚ ਵਿਰੋਧੀ ਨਕਲੀ ਵਾਰਿਸਾਂ ਨੇ ਚਾਹੇ ਮੁਆਵਜ਼ੇ ਤੱਕ ਸਵੀਕਾਰ ਕਰ ਲਏ, ਪਰ ਅਸਲੀ ਵਾਰਸਾਂ ਵੱਲੋਂ ਮੁਆਵਜ਼ੇ ਦੀ ਪੇਸ਼ਕਸ਼ ਠੁਕਰਾ ਕੇ, ਮੁਆਫ਼ੀ ਲਈ ਹੀ ਆਵਾਜ਼ ਉਠਾਈ ਗਈ। ਗ਼ਦਰੀ ਬਾਬਿਆਂ ਦੇ ਮੇਲੇ 'ਚ ਆ ਕੇ ਚਾਹੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਮੁਆਫ਼ੀ ਮੰਗੀ, ਪਰ ਕੈਨੇਡਾ ਦੀ ਪਾਰਲੀਮੈਂਟ 'ਚ ਅਜਿਹਾ ਸੰਭਵ ਨਾ ਹੋਇਆ,ਹਾਲਾਂ ਕਿ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਵਿਧਾਨ ਸਭਾ 'ਚ ਪਹਿਲਾਂ ਹੀ ਅਜਿਹਾ ਕੀਤਾ ਗਿਆ।ਆਖ਼ਰਕਾਰ ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਦੇ ਜਸ਼ਨਾਂ ਮੌਕੇ ਮੁਆਫ਼ੀ ਮੰਗਣ ਲਈ 18 ਮਈ, 2016 ਦੇ ਦਿਨ ਦਾ ਐਲਾਨ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ, ਜਿਸ ਦਾ ਸਭ ਪਾਸਿਓਂ ਸਵਾਗਤ ਹੋਇਆ। ਕੈਨੇਡਾ ਦੀ ਪਾਰਲੀਮੈਂਟ 'ਚ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਸੰਸਾਰ ਭਰ 'ਚ ਆਮ ਕਰਕੇ ਅਤੇ ਭਾਰਤ 'ਚ ਖ਼ਾਸ ਕਰਕੇ ਕੈਨੇਡਾ ਦੀ ਪਾਰਲੀਮੈਂਟ 'ਚ ਮੁਆਫ਼ੀ ਮੰਗੇ ਜਾਣ ਦੀ ਚਰਚਾ ਕੀਤੀ ਗਈ ਅਤੇ ਇਸ ਸਬੰਧੀ ਵੱਖ -ਵੱਖ ਸਰਕਾਰਾਂ ਨੇ ਬਿਆਨ ਵੀ ਦਰਜ ਕੀਤੇ । ਜਿਥੇ ਇਹ ਚੰਗੀ ਗੱਲ ਸੀ, ਉਥੇ ਇਸ ਤੋਂ ਸਬਕ ਸਿੱਖਣ ਦੀ ਵੀ ਲੋੜ ਹੈ। ਜੇਕਰ ਕੈਨੇਡਾ 'ਚੋਂ ਕਾਮਾਗਾਟਾਮਾਰੂ ਜਹਾਜ਼ ਵਾਪਸ ਮੋੜਿਆ ਗਿਆ, ਤਾਂ ਕੈਨੇਡਾ ਨੇ ਉਸ ਗ਼ਲਤੀ ਦਾ ਸੰਸਦ 'ਚ ਪਛਤਾਵਾ ਕੀਤਾ ਹੈ।

ਜੇਕਰ ਕੈਨੇਡਾ 'ਚੋਂ ਕੋਮਾਗਾਟਾਮਾਰੂ ਜਹਾਜ਼ ਵਾਪਸ ਮੋੜਿਆ ਗਿਆ, ਤਾਂ ਕੈਨੇਡਾ ਨੇ ਉਸ ਗ਼ਲਤੀ ਦਾ ਸੰਸਦ 'ਚ ਪਛਤਾਵਾ ਕੀਤਾ ਹੈ। ਕੈਨੇਡਾ ਤੋਂ ਭਾਰਤ ਪੁੱਜਣ 'ਤੇ ਇਸ ਜਹਾਜ਼ ਦੇ 19 ਮੁਸਾਫ਼ਿਰਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਇਹ ਉਸ ਤੋਂ ਵੀ ਵੱਡਾ ਦੁਖਾਂਤ ਸੀ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਕਾਮਾਗਾਟਾਮਾਰੂ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫ਼ਿਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਪਰ ਦੁੱਖ ਅਤੇ ਸ਼ਰਮ ਦੀ ਗੱਲ ਇਹ ਹੈ ਕਿ ਭਾਰਤ ਦੀ ਨਾ ਕੇਂਦਰੀ ਸਰਕਾਰ ਤੇ ਨਾ ਹੀ ਪੰਜਾਬ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਯਾਦ ਤੱਕ ਕੀਤਾ। 'ਸ਼ੇਰਾਂ ਦੀਆਂ ਮਾਰਾਂ ਅਤੇ ਗਿੱਦੜਾਂ ਦੀਆਂ ਕਲੋਲਾਂ' ਦੇ ਕਥਨ ਵਾਂਗ ਜਿਨ੍ਹਾਂ ਯੋਧਿਆਂ ਦੀਆਂ ਸ਼ਹੀਦੀਆਂ ਕਰਕੇ ਇਹ ਕੁਰਸੀਆਂ ਮਿਲੀਆਂ, ਉਨ੍ਹਾਂ ਦੇ ਦਿਨ ਵਿਸਾਰ ਕੇ 'ਆਪਣੇ ਸਿਆਸੀ ਆਕਾਵਾਂ' ਦੇ ਸੋਹਲੇ ਗਾਏ ਜਾ ਰਹੇ ਹਨ। ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ। ਕੇਂਦਰ ਵਿਚ ਭਾਜਪਾ ਸਰਕਾਰ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ, ਵਿਰੋਧੀ ਧਿਰਾਂ ਵਿੱਚ ਕਾਂਗਰਸ ਤੇ ਇੱਥੋਂ ਤੱਕ ਕਿ ਅਕਾਲੀ ਦਲ ਦੇ ਵੱਲੋਂ ਵੀ, ਇਨ੍ਹਾਂ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਦੀ ਲੋੜ ਨਹੀਂ ਸਮਝੀ ਗਈ। ਕਈ ਵਾਰ ਤਾਂ ਇਉਂ ਜਾਪਦਾ ਹੈ ਕਿ ਗੁਰੂ ਨਾਨਕ ਜਹਾਜ਼ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਗੱਲ ਕਰਕੇ ਸਰਕਾਰ ਦਾ ਸਿਆਸੀ ਮੁਫਾਦ ਪੂਰਾ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਵਿਸਾਰਿਆ ਗਿਆ ਹੈ, ਜੋ ਕਿ ਇਤਿਹਾਸਕ ਭੁੱਲ ਹੈ। ਇਸ ਗ਼ਲਤ ਦਾ ਦੁੱਖ ਜ਼ਰੂਰ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਦੇ ਨਾਲ-ਨਾਲ ਬਹੁਤਾਤ ਮੀਡੀਏ ਨੇ, ਭਾਰਤੀਆਂ ਨੇ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਵੀ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਇਉਂ ਹੀ ਵਿਸਾਰ ਦਿੱਤਾ ਹੈ।

ਭਾਰਤ ਦੀ ਪਾਰਲੀਮੈਂਟ ਜਾਂ ਪੰਜਾਬ ਅਸੈਂਬਲੀ ਵਿਚ ਸ਼ੋਕਮਈ ਮਤੇ ਪਾਸ ਕੀਤੇ ਜਾਣਾ ਤਾਂ ਦੂਰ ਦੀ ਗੱਲ ਹੈ। ਇਉਂ ਇਹ ਸਾਰੇ ਸਿਆਸਤਦਾਨ ਇਤਿਹਾਸ ਦੇ ਦੋਸ਼ੀ ਹਨ। ਗੁਰੂ ਨਾਨਕ ਜਹਾਜ਼ ਕੋਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਗੁਨਾਹਗਾਰ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਕੋਮਾਗਾਟਾਮਾਰੂ ਦੇ ਲਗਪਗ ਸਾਰੇ ਮੁਸਾਫ਼ਿਰ ਅਣਵੰਡੇ ਪੰਜਾਬ ਨਾਲ ਸਬੰਧਤ ਸਨ। ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ-ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਕੋਮਾਗਾਟਾਮਾਰੂ ਦੀ ਕੈਨੇਡਾ 'ਚ ਮੰਗੀ


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE
TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House
To Sell & Save
Thousands Dollars
& Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਆਮਦਨ ਕਰ ਵਿਭਾਗ ਵਲੋਂ ਸਾਬਕਾ ਅਕਾਲੀ ਵਿਧਾਇਕ ਤੇ ਸ਼ਰਾਬ ਕਾਰੋਬਾਰੀ ਦੀਪ ਮਲਹੋਤਰਾ ਦੇ ਘਰ ਤੇ ਦਫਤਰ ਤੇ ਛਾਪੇਮਾਰੀ

ਫ਼ਰੀਦਕੋਟ-ਆਮਦਨ ਕਰ ਵਿਭਾਗ ਨੇ ਸ਼ਰਾਬ ਦੇ ਉੱਘੇ ਕਾਰੋਬਾਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਦੀਪ ਮਲਹੋਤਰਾ ਦੇ ਘਰ, ਦਫ਼ਤਰ ਅਤੇ ਫੈਕਟਰੀਆਂ ਵਿੱਚ ਛਾਪੇ ਮਾਰੇ। ਸੂਚਨਾ ਅਨੁਸਾਰ ਸਾਬਕਾ ਵਿਧਾਇਕ ਦੇ ਛੇ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਆਮਦਨ ਕਰ ਵਿਭਾਗ ਦੀ ਟੀਮ ਨੇ ਦੀਪ ਮਲਹੋਤਰਾ ਦੀ ਜ਼ੀਰਾ ਸਥਿਤ ਸ਼ਰਾਬ ਫੈਕਟਰੀ ਵਿੱਚ ਛਾਪੇ ਮਾਰ ਕੇ ਅਹਿਮ ਰਿਕਾਰਡ ਆਪਣੇ ਕਬਜ਼ੇ ਵਿੱਚ ਲਿਆ। ਇਸੇ ਤਰ੍ਹਾਂ ਫ਼ਰੀਦਕੋਟ ਦੇ ਆਦਰਸ਼ ਨਗਰ ਵਿੱਚ ਵੀ ਛਾਪੇ ਮਾਰੇ ਗਏ ਜਿੱਥੇ ਦੀਪ ਮਲਹੋਤਰਾ ਦੀ ਰਿਹਾਇਸ਼ ਹੈ। ਇਸ ਮੌਕੇ ਟੀਮ ਨੇ ਸ਼ਹਿਰ ਦੇ ਮੁਹੱਲਾ ਖੋਖਰਾਂ ਵਿੱਚ ਸ਼ਰਾਬ ਦੀ ਵੰਡ ਲਈ ਬਣਾਏ ਦਫ਼ਤਰ ਦਾ ਵੀ ਰਿਕਾਰਡ ਵੀ ਜਾਂਚਿਆ। ਦੀਪ ਮਲਹੋਤਰਾ ਤੋਂ ਇਲਾਵਾ ਉਸ ਦੇ ਦੋ ਹਿੱਸੇਦਾਰਾਂ ਦੇ ਘਰ ਵੀ ਛਾਪੇ ਮਾਰੇ ਗਏ। ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਨੇ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਹੈ। ਛਾਪੇ ਸਮੇਂ ਸਾਬਕਾ ਵਿਧਾਇਕ ਦੀਪ ਮਲਹੋਤਰਾ ਆਪਣੇ ਘਰ ਵਿੱਚ ਮੌਜੂਦ ਨਹੀਂ ਸਨ। ਸੂਤਰਾਂ ਅਨੁਸਾਰ ਛਾਪਿਆਂ ਤੋਂ ਬਾਅਦ ਸਾਬਕਾ ਵਿਧਾਇਕ ਨੂੰ ਫ਼ਰੀਦਕੋਟ ਬੁਲਾਇਆ ਗਿਆ। ਦੱਸਣਾ ਬਣਦਾ ਹੈ ਕਿ ਦਿੱਲੀ ਵਿੱਚ ਈਡੀ ਵਲੋਂ ਐਕਸਾਈਜ਼ ਪਾਲਿਸੀ ਨੂੰ ਲੈ ਕੇ ਦਰਜ ਕੀਤੇ ਮਾਮਲੇ ਵਿੱਚ ਵੀ ਵਿਧਾਇਕ ਦੀਪ ਮਲਹੋਤਰਾ ਦੇ ਇੱਕ ਲੜਕੇ ਦਾ ਨਾਂ ਮੁਲਜ਼ਮ ਵਜੋਂ ਸ਼ਾਮਲ ਕੀਤਾ ਗਿਆ ਹੈ।

ਜ਼ੀਰਾ (ਹਰਮੇਸ਼ਪਾਲ ਨੀਲੇਵਾਲਾ) ਵਿਵਾਦਤ ਮਾਲਬਰੋਜ਼ ਸ਼ਰਾਬ ਫ਼ੈਕਟਰੀ ਜ਼ੀਰਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਵਿਧਾਇਕ ਰਹੇ ਦੀਪ ਮਲਹੋਤਰਾ ਦੇ ਕਾਰੋਬਾਰੀ ਟਿਕਾਣਿਆਂ 'ਤੇ ਅੱਜ ਇਨਕਮ ਟੈਕਸ ਦੇ ਅਧਿਕਾਰੀਆਂ ਵੱਲੋਂ ਛਾਪੇ ਮਾਰੇ ਗਏ। ਜ਼ਿਕਰਯੋਗ ਹੈ ਕਿ ਜ਼ੀਰਾ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਨੂੰ ਪੱਕੇ ਤੌਰ 'ਤੇ ਬੰਦ ਕਰਵਾਉਣ ਲਈ ਪਹਿਲਾਂ ਹੀ ਮਾਮਲਾ ਗਰਮਾਇਆ ਹੋਇਆ ਹੈ। ਇਨਕਮ ਟੈਕਸ ਵਿਭਾਗ ਦੇ ਅਧਿਕਾਰੀ ਅੱਜ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਤਿੰਨ ਗੱਡੀਆਂ ਵਿੱਚ ਸਵਾਰ ਹੋ ਕੇ ਆਏ। ਖ਼ਬਰ ਲਿਖੇ ਜਾਣ ਤੱਕ ਇਨਕਮ ਟੈਕਸ ਦੇ ਅਧਿਕਾਰੀ ਸ਼ਰਾਬ ਫੈਕਟਰੀ ਵਿਚ ਮੌਜੂਦ ਸਨ। ਇਸ ਮੌਕੇ ਸ਼ਰਾਬ ਫੈਕਟਰੀ ਦੇ ਕਰਮਚਾਰੀਆਂ ਨੂੰ ਫੈਕਟਰੀ ਤੋਂ ਬਾਹਰ ਨਹੀਂ ਨਿਕਲਣ ਦਿੱਤਾ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਫੈਕਟਰੀ ਦੇ ਅੰਦਰ ਜਾਣ ਦਿੱਤਾ ਗਿਆ।

## ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ

ਮੁਆਫ਼ੀ ਦਾ ਸਾਡੇ ਲੀਡਰਾਂ ਵੱਲੋਂ ਸਵਾਗਤ ਅਰਥ ਰੱਖਦਾ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ। ਸ਼ਹੀਦਾਂ ਨੂੰ ਯਾਦ ਕਰਨ ਅਤੇ ਇਤਿਹਾਸਕ ਗੁਨਾਹਾਂ ਦੀਆਂ ਮੁਆਫ਼ੀਆਂ ਮੰਗਣ ਦੇ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪ੍ਰਵਾਸੀਆਂ ਨਾਲ ਰੰਗ ਨਸਲ ਜਾਤ ਧਰਮ ਅਤੇ ਬੋਲੀ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਗੁਰੂ ਨਾਨਕ ਜਹਾਜ਼ ਬਨਾਮ ਕੋਮਾਗਾਟਾ ਮਾਰੂ ਦੇ 376 ਮੁਸਾਫਰਾਂ ਵਿੱਚ 337 ਸਿੱਖਾਂ ਤੋਂ ਇਲਾਵਾ ਸਿੱਖਾਂ 12 ਹਿੰਦੂ ਅਤੇ 27 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ -ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖ਼ਿਲਾਫ਼ ਲੜੇ। ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫ਼ਰਾਂ ਦਾ ਸਾਂਝਾ ਸੰਘਰਸ਼ ਇਸ ਗੱਲ ਦਾ ਵੀ ਸੂਚਕ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਜਿਸ ਤਰੀਕੇ ਨਾਲ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ।



ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖਿਲਾਫ਼ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਕੋਮਾਗਾਟਾਮਾਰੂ ਦੇ ਮੁਸਾਫਰਾਂ ਨਾਲ ਹੋਏ ਅਨਿਆਂ ਸਬੰਧੀ ਆਵਾਜ਼ ਉਠਾਉਣਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਆਪਣੇ-ਆਪ ਵਿੱਚ ਇਹ ਦੋਗਲੀ ਨੀਤੀ ਤੋਂ ਵੱਧ ਕੁਝ ਨਹੀਂ ਹੈ। ਬੀਤੇ ਸਮੇਂ ਦਾ ਕੈਨੇਡਾ ਅੱਜ 'ਮਨੁੱਖੀ ਹੱਕਾਂ ਦਾ ਚੈਂਪੀਅਨ' ਅਖਵਾਉਂਦਾ ਹੈ, ਪਰ ਬੀਤੇ ਸਮੇਂ ਦੀ ਬਸਤੀ ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਕੋਮਾਗਾਟਾਮਾਰੂ ਦੁਖਾਂਤ ਨੂੰ ਜਨਮ ਦੇ ਸਕਦੇ ਹਨ।

ਨਵ ਬਸਤੀਵਾਦ ਦੀ ਧਾਰਨੀ ਭਾਰਤ ਦੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫ਼ੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ ਚ ਸੁੱਟਿਆ ਜਾ ਰਿਹਾ ਹੈ, ਜੋ ਕਿਸੇ ਹੋਰ ਕੋਮਾਗਾਟਾਮਾਰੂ ਦੇ ਦੁਖਾਂਤ ਤੋਂ ਘੱਟ ਨਹੀਂ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ ਸਵਰਕਰ ਦੇ ਪੈਰੋਕਾਰ ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ। ਸਮੁੱਚੇ ਰੂਪ ਵਿਚ ਗੁਰੂ ਨਾਨਕ ਜਹਾਜ਼ ਦੇ ਜਿਨ੍ਹਾਂ ਮੁਸਾਫ਼ਰਾਂ ਨੇ ਸ਼ਹੀਦੀਆਂ ਪਾਈਆਂ, ਉਨ੍ਹਾਂ ਦਾ ਸੁਨਹਿਰੀ ਇਤਿਹਾਸ ਸਦਾ ਮਾਰਗ ਦਰਸ਼ਨ ਕਰਦਾ ਰਹੇਗਾ।

## ਪਾਕਿਸਤਾਨ ਤਬਾਹੀ ਵੱਲ ਵਧ ਰਿਹਾ ਹੈ-ਇਮਰਾਨ ਖਾਨ

ਲਾਹੌਰ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਹਾਕਮ ਗੱਠਜੋੜ 'ਤੇ ਸੈਨਾ ਨੂੰ ਉਨ੍ਹਾਂ ਦੀ ਪਾਰਟੀ ਖ਼ਿਲਾਫ਼ ਖੜ੍ਹਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਦੇਸ਼ ਤਬਾਹੀ ਵੱਲ ਵੱਧ ਰਿਹਾ ਹੈ ਅਤੇ ਇਸ ਨੂੰ ਟੁੱਟ-ਭੱਜ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਪੁਲੀਸ ਵੱਲੋਂ ਲਾਹੌਰ 'ਚ ਸਾਬਕਾ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਕਥਿਤ ਤੌਰ 'ਤੇ ਲੁਕੇ 'ਅਤਿਵਾਦੀਆਂ' ਨੂੰ ਗ੍ਰਿਫ਼ਤਾਰ ਕਰਨ ਲਈ ਮੁਹਿੰਮ ਸ਼ੁਰੂ ਕੀਤੇ ਜਾਣ ਦੀਆਂ ਖ਼ਬਰਾਂ ਦਰਮਿਆਨ ਇਮਰਾਨ ਖਾਨ ਨੇ ਜ਼ਮਾਨ ਪਾਰਕ ਸਥਿਤ ਆਪਣੀ ਰਿਹਾਇਸ਼ ਤੋਂ ਜਾਰੀ ਵੀਡੀਓ ਸੁਨੇਹੇ 'ਚ ਕਿਹਾ ਕਿ ਸਿਆਸੀ ਅਸਥਿਰਤਾ ਖਤਮ ਕਰਨ ਦਾ ਇੱਕੋ ਇੱਕ ਢੰਗ ਚੋਣਾਂ ਕਰਵਾਉਣਾ ਹੈ। ਉਨ੍ਹਾਂ ਕਿਹਾ, 'ਪਾਕਿਸਤਾਨ ਡੈਮੋਕਰੈਟਿਕ ਮੂਵਮੈਂਟ ਦੇ ਨੇਤਾਵਾਂ ਅਤੇ ਇੱਥੋਂ ਭੱਜ ਕੇ ਲੰਡਨ ਚਲੇ ਗਏ ਨਵਾਜ਼ ਸ਼ਰੀਫ ਨੂੰ ਇਸ ਗੱਲ ਦੀ ਕੋਈ ਫਿਕਰ ਨਹੀਂ ਹੈ ਕਿ ਦੇਸ਼ ਦੇ ਸੰਵਿਧਾਨ ਦੀ ਬੇਅਦਬੀ ਹੋ ਰਹੀ ਹੈ, ਸਰਕਾਰੀ ਸੰਸਥਾਵਾਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ ਜਾਂ ਸੈਨਾ ਬਦਨਾਮ ਹੋ ਰਹੀ ਹੈ। ਉਹ ਲੁੱਟੀ ਗਈ ਜਾਇਦਾਦ ਬਚਾਉਣ ਲਈ ਆਪਣੇ ਸਵਾਰਥੀ ਹਿੱਤਾਂ ਖਾਤਰ ਕੰਮ ਕਰ ਰਹੇ ਹਨ।' ਆਪਣੀ ਰਿਹਾਇਸ 'ਤੇ ਤਕਰੀਬਨ 40 ਅਤਿਵਾਦੀਆਂ ਦੇ ਲੁਕੇ ਹੋਣ ਸਬੰਧੀ ਉਨ੍ਹਾਂ ਘਰ ਦੀ ਤਲਾਸ਼ੀ ਲੈਣ ਲਈ ਕਿਹਾ।



## ਸਿੰਘ ਸਾਹਿਬ ਵਲੋਂ ਸੰਸਦ ਮੈਂਬਰ ਰਾਘਵ ਚੱਢਾ ਤੇ ਅਦਾਕਾਰ ਪ੍ਰਨੀਤੀ ਚੋਪੜਾ ਦੇ ਮੰਗਣੀ ਸਮਾਗਮ ਵਿਚ ਸ਼ਾਮਿਲ ਹੋਣ ਦੀ ਚਰਚਾ

ਅੰਮ੍ਰਿਤਸਰ (ਲਾਂਬਾ)-'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਤੇ ਅਦਾਕਾਰਾ ਪਰਿਨੀਤੀ ਚੋਪੜਾ ਨੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਮੰਗਣੀ ਸਮਾਗਮ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਨਜ਼ਰ ਆ ਰਹੇ ਹਨ। ਇਨ੍ਹਾਂ ਤਸਵੀਰਾਂ ਦੇ ਵਾਇਰਲ ਹੋਣ ਨਾਲ ਇੱਕ ਵਾਰ ਮੁੜ ਇਸ ਸਮਾਗਮ ਵਿੱਚ ਜਥੇਦਾਰ ਦੀ ਸ਼ਮੂਲੀਅਤ ਦਾ ਮਾਮਲਾ ਭਖ਼ ਗਿਆ ਹੈ। ਵੱਡੀ ਗਿਣਤੀ ਲੋਕਾਂ ਵੱਲੋਂ ਇਨ੍ਹਾਂ ਤਸਵੀਰਾਂ 'ਤੇ ਪ੍ਰਤੀਕਿਰਿਆਵਾਂ ਦਿੱਤੀਆਂ ਗਈਆਂ ਹਨ, ਪਰ ਹਾਲ ਦੀ ਘੜੀ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਕੋਈ ਬਿਆਨ ਨਹੀਂ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ 13 ਮਈ ਨੂੰ ਨਵੀਂ ਦਿੱਲੀ ਦੇ ਕਪੂਰਥਲਾ ਹਾਊਸ ਵਿੱਚ ਇਹ ਸਮਾਗਮ ਸਿੱਖ ਰੀਤੀ ਰਿਵਾਜ਼ਾਂ ਅਨੁਸਾਰ ਕਰਵਾਇਆ ਗਿਆ ਸੀ, ਜਿਸ ਵਿੱਚ ਗੁਰਬਾਣੀ ਕੀਰਤਨ ਮਗਰੋਂ ਅਰਦਾਸ ਕਰਕੇ ਕੁੜਮਾਈ ਦੀ ਰਸਮ ਸ਼ੁਰੂ ਕੀਤੀ ਗਈ ਸੀ। ਇਸ ਸਮਾਗਮ ਦੀਆਂ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ 'ਤੇ ਵੱਡੀ ਗਿਣਤੀ ਲੋਕਾਂ ਵੱਲੋਂ ਇਤਰਾਜ਼ ਜਤਾਇਆ ਗਿਆ ਸੀ। ਰਾਘਵ ਤੇ ਪਰਿਨੀਤੀ ਵੱਲੋਂ ਅੱਜ ਆਪਣੇ ਟਵੀਟਰ ਖਾਤਿਆਂ 'ਤੇ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚੋਂ ਇੱਕ ਵਿੱਚ ਦੋਵੇਂ ਹੱਥ ਜੋੜ ਕੇ ਜਥੇਦਾਰ ਹਰਪ੍ਰੀਤ ਸਿੰਘ ਦਾ ਸਵਾਗਤ ਕਰ ਰਹੇ ਹਨ। ਤਸਵੀਰਾਂ ਸਾਂਝੀਆਂ ਕਰਦਿਆਂ ਉਨ੍ਹਾਂ ਆਖਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਉਨ੍ਹਾਂ ਲਈ ਆਸ਼ੀਰਵਾਦ ਹੈ। ਸਮਾਗਮ 'ਚ ਜਥੇਦਾਰ ਦੀ ਮੌਜੂਦਗੀ ਉਨ੍ਹਾਂ ਲਈ ਬਹੁਤ ਵੱਡੀ ਗੱਲ ਹੈ। ਇਕ ਤਸਵੀਰ ਵਿੱਚ ਜਥੇਦਾਰ ਹਰਪ੍ਰੀਤ ਸਿੰਘ ਵੀ ਹੱਥ ਜੋੜ ਕੇ ਦੋਵਾਂ ਦਾ ਸਵਾਗਤ ਕਬੂਲ ਰਹੇ ਹਨ। ਇੱਕ ਹੋਰ ਤਸਵੀਰ ਵਿੱਚ ਤਿੰਨੋਂ ਜਣੇ ਹੱਸਦੇ ਦਿਖਾਈ ਦੇ ਰਹੇ ਹਨ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਅਲਬਰਟਾ ਚੋਣਾਂ-ਮਈ 2023

# ਵਾਅਦਿਆਂ ਦੀ ਮੁਕਾਬਲੇਬਾਜੀ ਬਨਾਮ ਦੋ ਬੀਬੀਆਂ ਵਿਚਾਲੇ ਸੱਤਾ ਦੀ ਜੰਗ...

**ਸੁਖਵਿੰਦਰ ਸਿੰਘ ਚੋਹਲਾ**

ਅਲਬਰਟਾ ਵਿਧਾਨ ਸਭਾ ਦੀਆਂ ਚੋਣਾਂ ਇਸ 29 ਮਈ ਨੂੰ ਹੋਣ ਜਾ ਰਹੀਆਂ ਹਨ। ਮੁੱਖ ਮੁਕਾਬਲਾ ਸੱਤਾਧਾਰੀ ਯੂਨਾਈਟਡ ਕੰਸਰਵੇਟਿਵ ਪਾਰਟੀ ਤੇ ਨਿਊ ਡੈਮੋਕਰੇਟ ਪਾਰਟੀ ਵਿਚਾਲੇ ਹੈ। ਦੋਵਾਂ ਪਾਰਟੀਆਂ ਦੀ ਅਗਵਾਈ ਔਰਤ ਆਗੂਆਂ ਦੇ ਹੱਥ ਵਿਚ ਹੈ ਤੇ ਦੋਵੇਂ ਹੀ ਤੇਜ਼ ਤਰਾਰ ਤੇ ਆਵਾਮ ਨੂੰ ਪ੍ਰਭਾਵਿਤ ਕਰਨ ਵਾਲੀਆਂ ਆਗੂ ਮੰਨੀਆਂ ਜਾਂਦੀਆਂ ਹਨ। ਲਗਪਗ 52 ਸਾਲ ਦੀ ਇਕ ਸਾਬਕਾ ਪੱਤਰਕਾਰ ਯੂ ਸੀ ਪੀ ਆਗੂ ਡੈਨੀਅਲ ਸਮਿਥ ਜਿਸਦਾ ਉਭਾਰ ਸਾਲ 2009 ਵਿਚ ਸੂਬੇ ਵਿਚ ਵਾਈਲਡਰੋਜ਼ ਪਾਰਟੀ ਦੀ ਆਗੂ ਵਜੋਂ ਹੋਇਆ ਸੀ ਤੇ ਉਸਨੇ 2012 ਦੀਆਂ ਚੋਣਾਂ ਵਿਚ ਉਸ ਸਮੇਂ ਦੀ ਸੱਤਾਧਾਰੀ ਪ੍ਰੋਗਰੈਸਿਵ ਕੰਸਰਵੇਟਿਵ ਪਾਰਟੀ ਨੂੰ ਵੱਡੀ ਚੁਣੌਤੀ ਦਿੱਤੀ ਸੀ ਪਰ ਬਾਦ ਵਿਚ ਉਸੇ ਪਾਰਟੀ ਵਿਚ ਹੀ ਸ਼ਾਮਲ ਹੋਣ ਨਾਲ ਆਪਣੀ ਮਜ਼ਬੂਤ ਆਗੂ ਦੀ ਛਵੀ ਨੂੰ ਖੋਰਾ ਲਗਾ ਬੈਠੀ ਸੀ। ਉਹ ਦਸੰਬਰ 2014 ਵਿਚ ਤਤਕਾਲੀ ਪ੍ਰੀਮੀਅਰ ਜਿਮ ਪ੍ਰੈਂਟਿਸ ਦੀ ਅਗਵਾਈ ਵਾਲੀ ਸਰਕਾਰ ਵਿਚ ਆਪਣੀ ਪਾਰਟੀ ਦੇ 8 ਵਿਧਾਇਕਾਂ ਸਮੇਤ ਸ਼ਾਮਿਲ ਹੋ ਗਈ ਸੀ। ਉਸਨੇ ਹਾਈਵੁੱਡ ਤੋ ਪੀਸੀ ਪਾਰਟੀ ਦੀ ਨੌਮੀਨੇਸ਼ਨ ਤੇ ਚੋਣ ਲੜੀ ਪਰ ਲੋਕਾਂ ਨੇ ਉਸਦੇ ਇਸ ਕਦਮ ਨੂ ਅਸਵੀਕਾਰ ਕਰਦਿਆਂ ਹਰਾ ਦਿੱਤਾ।

2015 ਦੀਆਂ ਚੋਣਾਂ ਵਿਚ ਐਨ ਡੀ ਪੀ ਆਗੂ ਰੇਚਲ ਨੋਟਲੀ ਸਰਕਾਰ ਬਣਾਉਣ ਵਿਚ ਕਾਮਯਾਬ ਰਹੀ। ਅਕਤੂਬਰ 2017 ਵਿਚ ਵਾਈਲਡਰੋਜ ਪਾਰਟੀ ਦੇ ਪੀ ਸੀ ਪਾਰਟੀ ਵਿਚ ਵਿਲਾਨ ਹੋਣ ਨਾਲ ਨਵੀ ਬਣੀ ਯੁਨਾਈਟਡ ਕੰਸਰਵੇਟਿਵ ਪਾਰਟੀ ਦੇ ਆਗੂ ਸਾਬਕਾ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਬਣੇ। ਭਾਰੀ ਉਤਸ਼ਾਹ ਨਾਲ ਸੂਬਾਈ ਸਿਆਸਤ ਵਿਚ ਪ੍ਰਵੇਸ਼ ਕਰਨ ਵਾਲੇ ਜੇਸਨ ਕੈਨੀ ਨੇ 2019 ਦੀਆਂ ਚੋਣਾਂ ਵਿਚ ਐਨ ਡੀ ਪੀ ਸਰਕਾਰ ਨੂੰ ਸੱਤਾ ਤੋਂ ਲਾਹ ਮਾਰਿਆ। ਜੇਸਨ ਕੈਨੀ ਜਿਹਨਾਂ ਦੀ ਕੈਨੇਡੀਅਨ ਸਿਆਸਤ ਵਿਚ ਕੌਮਾਂਤਰੀ ਚੰਗੀ ਪਛਾਣ ਮੰਨੀ ਜਾਂਦੀ ਸੀ, ਪਾਰਟੀ ਦੇ ਅੰਦਰੂਨੀ ਮਸਲਿਆਂ ਵਿਚ ਉਲਝ ਗਏ ਤੇ ਪਾਰਟੀ ਲੀਡਰਸ਼ਿਪ ਦੇ ਰਿਵਿਊ ਮਾਮਲੇ ਵਿਚ ਆਪਣੀ ਲੋਕ ਪ੍ਰਿਯਤਾ ਗਵਾ ਬੈਠੇ। ਉਹਨਾਂ ਨੇ ਯੁਨਾਈਟਡ ਕੰਸਰਵੇਟਿਵ ਪਾਰਟੀ ਦੇ ਆਗੂ ਦੀ ਚੋਣ ਵਿਚ ਘੱਟ ਵੋਟ ਪ੍ਰਤੀਸ਼ਤ ਲੈਣ ਤੋ ਨਾਖੁਸ਼ ਹੁੰਦਿਆਂ ਅਸਤੀਫਾ ਦੇ ਦਿੱਤਾ ਤੇ ਫਿਰ ਅਕਤੂਬਰ 2022 ਵਿਚ ਡੈਨੀਅਲ ਸਮਿਥ ਪਾਰਟੀ ਆਗੂ ਬਣਨ ਵਿਚ ਸਫਲ ਰਹੀ। ਪਾਰਟੀ ਆਗੂ ਵਜੋਂ ਉਹਨਾਂ ਨੇ ਅਲਬਰਟਾ ਦੇ ਪ੍ਰੀਮੀਅਰ ਵਜੋਂ ਜਿੰਮੇਵਾਰੀ ਸੰਭਾਲੀ ਤੇ ਹੁਣ ਆਮ ਚੋਣਾਂ ਵਿਚ ਪਾਰਟੀ ਦੀ ਅਗਵਾਈ ਕਰਦਿਆਂ ਕੰਸਰਵੇਟਿਵ ਵਿਰਾਸਤ ਨੂੰ ਅੱਗੇ ਲਿਜਾਣ ਦੇ ਯਤਨ ਵਿਚ ਹੈ।

ਦੂਸਰੇ ਪਾਸੇ ਐਨ ਡੀ ਪੀ ਆਗੂ ਰੇਚਲ ਨੋਟਲੀ ਜੋ ਸਾਲ 2015 ਤੋਂ 2019 ਤੱਕ ਅਲਬਰਟਾ ਦੀ ਪ੍ਰੀਮੀਅਰ ਰਹਿ ਚੁੱਕੀ ਹੈ, ਪੇਸ਼ੇ ਵਜੋਂ ਇਕ ਵਕੀਲ ਤੇ ਐਨ ਡੀ ਪੀ ਆਗੂ ਰਹੇ ਗਰਾਂਟ ਨੋਟਲੀ ਦੀ ਧੀ ਹੈ। ਲਗਪਗ 58 ਸਾਲਾ ਨੋਟਲੀ ਨੇ ਅਕਤੂਬਰ 2014 ਐਨ ਡੀ ਪੀ ਆਗੂ ਰਾਜ ਪੰਨੂ ਤੋ ਪਾਰਟੀ ਦੀ ਵਾਗਡੋਰ ਸੰਭਾਲੀ ਸੀ ਤੇ 2015 ਦੀਆਂ ਚੋਣਾਂ ਵਿਚ ਪੀ ਸੀ ਪਾਰਟੀ ਦੀ 44 ਸਾਲਾ ਸੱਤਾ ਦਾ ਭੋਗ ਪਾਉਂਦਿਆਂ ਪਹਿਲੀ ਵਾਰ ਸੂਬੇ ਵਿਚ ਐਨ ਡੀ ਪੀ ਦੀ ਬਹੁਮਤ ਵਾਲੀ ਸਰਕਾਰ ਬਣਾਉਣ ਦਾ ਇਤਿਹਾਸ ਸਿਰਜਿਆ ਸੀ। ਕਾਮਿਆਂ ਦੇ ਹੱਕਾਂ ਦੀ ਅਲੰਬਰਦਾਰ ਨੋਟਲੀ ਦੀ ਅਗਵਾਈ ਹੇਠ ਪਾਰਟੀ ਪਲੇਟਫਾਰਮ ਨੂੰ ਇਸ ਚੋਣ ਮੁਹਿਮ ਵਿਚ ਮੁੜ ਕ੍ਰਿਸ਼ਮੇ ਦੀ ਉਮੀਦ ਹੈ।





ਦੋਵਾਂ ਮੁੱਖ ਪਾਰਟੀਆਂ ਯੂਸੀਪੀ ਤੇ ਐਨ ਡੀ ਪੀ ਵਲੋ ਜਾਰੀ ਕੀਤੇ ਗਏ ਪਲੇਟਫਾਰਮ ਤੇ ਵਾਅਦਿਆਂ ਦੌਰਾਨ ਜਿਥੇ ਇਕ ਦੂਸਰੇ ਦੀਆਂ ਨੀਤੀਆਂ ਖਿਲਾਫ ਹਮਲੇ ਵੀ ਕੀਤੇ ਜਾ ਰਹੇ ਹਨ ਉਥੇ ਸੂਬੇ ਦੇ ਸੁਰੱਖਿਅਤ ਤੇ ਬੇਹਤਰ ਭਵਿਖ ਲਈ ਚੋਣ ਕਰਨ ਦਾ ਸੱਦਾ ਜਾ ਰਿਹਾ ਹੈ। ਯੂ ਸੀ ਪੀ ਦੇ ਚੋਣ ਪ੍ਰੋਗਰਾਮ ਵਿਚ ਅਗਰ ਡੈਨੀਅਲ ਸਮਿਥ ਦੀ ਅਗਵਾਈ ਹੇਠ ਸਰਕਾਰ ਬਣਦੀ ਹੈ ਤਾਂ ਸਿਹਤ, ਸਿੱਖਿਆ ਵਿਚ ਸਹੂਲਤਾਂ ਤੇ ਸੁਧਾਰਾਂ ਦੇ ਨਾਲ ਮੁਢਲੇ ਢਾਂਚੇ ਦੀ ਮਜ਼ਬੂਤੀ ਦੇ ਨਾਲ ਆਮ ਲੋਕਾਂ ਦੀ ਜਿੰਦਗੀ ਨੂੰ ਸੌਖਾਲਾ ਬਣਾਉਣ ਦੇ ਵਾਅਦੇ ਸ਼ਾਮਿਲ ਹਨ। ਯੂਸੀਪੀ ਦਾ ਵਾਅਦਾ ਹੈ ਕਿ ਅਲਬਰਟਾ ਵਾਸੀਆਂ ਦੀ ਨਿੱਜੀ ਆਮਦਨ ਉਪਰ ਟੈਕਸ ਦੀ ਕਟੌਤੀ ਕੀਤੀ ਜਾਵੇਗੀ ਜਿਸਦਾ ਹਰੇਕ ਪਰਿਵਾਰ ਨੂੰ ਸਾਲਾਨਾ 1500 ਡਾਲਰ ਤੱਕ ਲਾਭ ਮਿਲੇਗਾ। ਬਿਜਨੈਸ ਉਪਰ ਵੀ ਟੈਕਸ ਵਿਚ ਵੀ ਕੋਈ ਵਾਧਾ ਨਹੀ ਹੋਵੇਗਾ। ਸੀਨੀਅਰਜ਼ ਨਵੀ ਸੇਵਿੰਗ ਪਲਾਨ ਵਿਚ 25 ਪ੍ਰਤੀਸ਼ਤ ਤੱਕ ਡਿਸਕਾਊਂਟ ਦੇਣ ਦੀ ਗੱਲ ਕਹੀ ਗਈ ਹੈ। ਸੂਬੇ ਵਿਚ ਅਪਰਾਧਾਂ ਉਪਰ ਕਾਬੂ ਪਾਉਣ ਲਈ ਸੇਫ ਸਟਰੀਟ ਐਕਸ਼ਨ ਪਲਾਨ ਤਹਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਅਲਬਰਟਾ ਵਿਚ ਨਵੇਂ ਕਾਰੋਬਾਰਾਂ ਤੇ ਨੌਕਰੀਆਂ ਵਿਚ ਵਾਧੇ ਦੀ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਨਵੇਂ ਸਾਲ ਦੀ ਪਹਿਲੀ ਤਿਮਾਹੀ ਵਿਚ ਹੀ 5000 ਨਵੇਂ ਬਿਜਨੈਸ ਰਜਿਸਟਰਡ ਹੋਏ ਹਨ ਜਿਹਨਾਂ ਤੋ ਸੂਬੇ ਦੀ ਆਰਥਿਕਤਾ ਵਿਚ ਮਜ਼ਬੂਤੀ ਹੋਣ ਦੇ ਅਨੁਮਾਨ ਹਨ। ਸਿੱਖਿਆ ਦੇ ਖੇਤਰ ਵਿਚ ਸਰਕਾਰ ਨੇ ਯੂ ਸੀਪੀ ਸਰਕਾਰ ਵਲੋਂ 2019 ਤੋਂ 106 ਨਵੇਂ ਸੂਕਲ ਤੇ ਉਹਨਾਂ ਦਾ ਨਵੀਨੀਕਰਣ ਦੀ ਗੱਲ ਕਹੀ ਹੈ। ਸੂਬੇ ਵਿਚ ਸਿਹਤ ਸਹੂਲਤਾਂ ਦੀ ਬੇਹਤਰੀ ਲਈ ਹੈਲਥ ਕੇਅਰ ਗਾਰੰਟੀ ਦੀ ਗੱਲ ਕੀਤੀ ਗਈ ਹੈ। ਯੂਸੀਪੀ ਨੇ ਸਿਹਤ ਸੇਵਾਵਾਂ ਵਿਚ ਪ੍ਰਾਈਵੇਟ ਦਖਲ ਦੇ ਵਿਵਾਦ ਨੂੰ ਖਤਮ ਕਰਦਿਆਂ ਅਲਬਰਟਾ ਹੈਲਥ ਕੇਅਰ ਨੂੰ ਪੂਰਨ ਵਿਚ ਪਬਲਿਕ ਫੰਡਿਡ ਤਹਿਤ ਰੱਖੇ ਜਾਣ ਦੀ ਗਾਰੰਟੀ ਦਿੱਤੀ ਹੈ।

ਬੱਚਿਆਂ ਦੀ ਸਾਂਭ ਸੰਭਾਲ ਲਈ 2026 ਤੋਂ ਚਾਈਲਡ ਕੇਅਰ ਲਈ ਪ੍ਰਤੀ ਦਿਨ 10 ਡਾਲਰ ਦੀ ਸਕੀਮ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ।

ਐਨਰਜੀ ਸੈਕਟਰ ਵਿਚ ਖਰਚੇ ਘਟਾਉਣ ਤੇ ਵਧੇਰੇ ਲਾਭ ਲਈ ਕੱਚੇ ਤੇਲ ਦੀ ਢੋਆ ਢੁਆਈ ਦੇ ਰੇਲ ਪ੍ਰੋਗਰਾਮ ਦੇ ਨਾਲ ਪ੍ਰਾਈਵੇਟ ਸੈਕਟਰ ਦੀਆਂ ਸੇਵਾਵਾਂ ਲੈਣ ਤੋਂ ਕਰਦਾਤਾਵਾਂ ਦੇ 500 ਮਿਲੀਅਨ ਡਾਲਰ ਬਚਾਉਣ ਦਾ ਪ੍ਰੋਗਰਾਮ ਹੈ। ਅਲਬਰਟਾ ਦੇ ਕੁਦਰਤੀ ਸਰੋਤਾਂ ਨੂੰ ਬਚਾਉਣ ਤੇ ਵਾਤਾਵਰਣ ਦੀ ਸੰਭਾਲ ਲਈ ਅਲਬਰਟਾ ਮੋਡ ਨੀਤੀਆਂ ਨੂੰ ਤਰਜੀਹ ਦੇਣ ਦੀ ਪ੍ਰਤੀਬੱਧਤਾ ਦੁਹਰਾਈ ਗਈ ਹੈ।

ਆਪਣੇ ਘਰ ਦਾ ਸੁਪਨਾ ਸੌਖਾਲਾ ਕਰਨ ਲਈ 2.8 ਬਿਲੀਅਨ ਡਾਲਰ ਦੀ ਅਫੋਰਡੇਬਿਲਟੀ ਐਕਸ਼ਨ ਪਲਾਨ ਐਲਾਨੀ ਗਈ ਹੈ ਜਿਸ ਵਿਚ ਪ੍ਰਤੀ ਪਰਿਵਾਰ 900 ਡਾਲਰ ਮਹਿਗਾਈ ਰਾਹਤ ਅਤੇ 500 ਡਾਲਰ ਬਿਜਲੀ ਬਿਲ ਵਿਚ ਰਿਬੇਟ ਦਿੱਤੀ ਗਈ ਹੈ। ਇਮੀਗ੍ਰੇਸ਼ਨ ਇਕ ਵੱਡਾ ਮੁੱਦਾ ਹੈ। ਯੂਸੀਪੀ ਸਰਕਾਰ ਦਾ ਦਾਅਵਾ ਹੈ ਕਿ ਸੂਬੇ ਵਿਚ ਪਰਿਵਾਰ ਯੁਕਤ ਇਮੀਗ੍ਰੇਸ਼ਨ ਪਲਾਨ ਸਫਲਤਾ ਨਾਲ ਚੱਲ ਰਹੀ ਹੈ। ਸਾਲ 2022 ਵਿਚ ਲਗਪਗ ਇਕ ਲੱਖ ਨਵੇਂ ਪਰਵਾਸੀਆਂ ਨੇ ਅਲਬਰਟਾ ਨੂੰ ਆਪਣਾ ਨਵਾਂ ਘਰ ਬਣਾਇਆ ਹੈ। ਅਲਬਰਟਾ ਅਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਪੇਂਡੂ ਖੇਤਰਾਂ ਵਿਚ ਘਟੋ ਘੱਟ ਨਿਵੇਸ਼ ਰਾਸ਼ੀ ਵੀ ਘਟਾਈ ਗਈ ਹੈ। ਪੀ ਐਨ ਪੀ ਪ੍ਰੋਗਾਰਮ ਤਹਿਤ ਸਾਲ 2023 ਵਚ 9750 ਨੌਮੀਨੇਸ਼ਨ ਪੱਤਰ ਜਾਰੀ ਹੋਣਗੇ ਜੋ ਕਿ ਪਿਛਲੇ ਸਾਲ 6500 ਦੇ ਕਰੀਬ ਸਨ। ਸੂਬੇ ਵਿਚ ਨਸਲਵਾਦ ਵਿਰੋਧੀ ਤੇ ਬਹੁਸਭਿਆਚਾਰ ਨੂੰ ਬੜਾਵਾ ਦੇਣ ਲਈ 1.5 ਮਿਲੀਅਨ ਡਾਲਰ ਦਾ ਪ੍ਰੋਗਰਾਮ ਚੱਲ ਰਿਹਾ ਹੈ। ਬੁਨਿਆਦੀ ਢਾਂਚੇ ਦੀ ਮਜਬੂਤੀ ਲਈ ਕੈਲਗਰੀ ਵਿਚ ਕੈਂਸਰ ਸੈਂਟਰ ਦੀ ਸਥਾਪਨਾ ਤੇ ਹੋਰ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਉਪਰੰਤ ਐਲ ਆਰ ਟੀ ਪ੍ਰਾਜੈਕਟ ਲਈ 541 ਮਿਲੀਅਨ ਡਾਲਰ ਅਤੇ ਐਡਮਿੰਟਨ ਐਲ ਆਰ ਟੀ ਪ੍ਰਾਜੈਕਟ ਲਈ 760 ਮਿਲੀਅਨ ਡਾਲਰ ਖਰਚੇ ਜਾ ਰਹੇ ਹਨ।

ਐਨ ਡੀ ਪੀ ਨੇ ਆਪਣੇ ਪਲੇਟਫਾਰਮ ਵਿਚ ਸਿਹਤ, ਸਿੱਖਿਆ, ਰੋਜਗਾਰ, ਬੁਨਿਆਦੀ ਢਾਂਚੇ ਤੇ ਕਾਮਿਆਂ ਦੇ ਮੁੱਦਿਆਂ ਉਪਰ ਯੂਸੀਪੀ ਦੀਆਂ ਨੀਤੀਆਂ ਦੀ ਸਖਤ ਆਲੋਚਨਾ ਕਰਦਿਆਂ ਵਾਅਦਾ ਕੀਤਾ ਹੈ ਕਿ ਅਗਰ ਉਹਨਾਂ ਦੀ ਸਰਕਾਰ ਆਉਂਦੀ ਹੈ ਤਾਂ ਸਭ ਤੋ ਪਹਿਲਾਂ ਹਰੇਕ ਅਲਬਰਟਾ ਵਾਸੀ ਲਈ ਫੈਮਲੀ ਡਾਕਟਰ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਸਮੇਂ 8 ਲੱਖ ਅਜਿਹੇ ਲੋਕ ਹਨ ਜਿਹਨਾਂ ਦਾ ਕੋਈ ਫੈਮਲੀ ਡਾਕਟਰ ਨਹੀ ਹੈ। ਐਨ ਡੀ ਪੀ ਨੇ 40 ਨਵੇਂ ਫੈਮਲੀ ਹੈਲਥ ਕਲੀਨਿਕ ਬਣਾਉਣ ਲਈ 350 ਮਿਲੀਅਨ ਨਿਵੇਸ਼ ਕਰਨ ਦੇ ਨਾਲ 4000 ਨਵੇ ਡਾਕਟਰ ਤੇ ਹੋਰ ਸਟਾਫ ਭਰਤੀ ਕਰਲ ਈ 400 ਮਿਲੀਅਨ ਡਾਲਰ ਖਰਚਣ ਦੀ ਗੱਲ ਕਹੀ ਹੈ। ਸੂਬੇ ਵਿਚ 47 ਹਜਾਰ ਨਵੀਆਂ ਨੌਕਰੀਆਂ ਪੈਦਾ ਕਰਨ ਅਤੇ 20 ਅਰਬ ਡਾਲਰ ਦਾ ਪ੍ਰਾਈਵੇਟ ਨਿਵੇਸ਼ ਲਿਆਉਣ ਦੀ ਯੋਜਨਾ ਹੈ। ਯੂਸੀ ਪੀ ਵਾਂਗ ਐਨ ਡੀ ਪੀ ਨੇ ਵੀ ਨਿੱਜੀ ਆਮਦਨ ਟੈਕਸ ਵਿਚ ਕੋਈ ਵਾਧਾ ਨਾ ਕਰਨ ਦੀ ਗਾਰੰਟੀ ਦਿੱਤੀ ਹੈ। ਅਗਲੇ ਪੰਜ ਸਾਲਾ ਵਿਚ 40,000 ਨਵੇਂ ਅਫੋਰਡੇਬਲ ਘਰ ਬਣਾਉਣ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ। ਇਸ ਸਮੇਂ 25 ਹਜਾਰ ਤੋ ਉਪਰ ਅਲਬਰਟਾ ਵਾਸੀ ਅਫੋਰਡੇਬਲ ਹਾਉਸਿੰਗ ਦੀ ਉਡੀਕ ਸੂਚੀ ਵਿਚ ਹਨ । ਸਿੱਖਿਆ ਦੀ ਬੇਹਤਰੀ ਵਾਸਤੇ 4000 ਨਵੇਂ ਅਧਿਆਪਕ ਅਤੇ 3000 ਸਹਾਇਕ ਸਟਾਫ ਭਰਤੀ ਕੀਤੇ ਜਾਣਗੇ। ਐਨ ਡੀ ਪੀ ਜਿਸਦਾ ਐਡਮਿੰਟਨ ਵਿਚ ਚੰਗਾ ਆਧਾਰ ਮੰਨਿਆ ਜਾਂਦਾ ਹੈ ਨੇ ਕੈਲਗਰੀ ਵਿਚ ਵੀ ਆਪਣਾ ਆਧਾਰ ਵਧਾਉਣ ਦੇ ਮਕਸਦ ਨਾਲ ਕੈਲਗਰੀ ਦੇ ਬੇਹਤਰ ਭਵਿੱਖ ਲਈ ਵੱਖਰੀ ਯੋਜਨਾ ਐਲਾਨੀ ਹੈ ਜਿਸ ਵਿਚ 1.2 ਅਰਬ ਡਾਲਰ ਦੇ ਨਿਵੇਸ਼ ਨਾਲ ਹਜਾਰਾਂ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਗੱਲ ਕਹੀ ਗਈ ਹੈ। ਹੋਮਟਾਉਨ ਅਲਬਰਟਾ ਦੇ ਪ੍ਰੋਗਰਾਮ ਤਹਿਤ ਸੂਬੇ ਦੇ ਕਸਬਿਆਂ ਦੇ ਸੁਧਾਰ ਦੇ ਨਾਲ ਹਰ ਸ਼ਹਿਰ ਵਿਚ ਹਾਕੀ ਰਿਕ ਬਣਾਉਣ ਦਾ ਵੀ ਵਾਅਦਾ ਕੀਤਾ ਹੈ। ਪੇਂਡੂ ਖੇਤਰਾਂ ਵਿਚ ਹਾਈ ਸਪੀਡ ਇੰਟਰਨੈਟ ਸੇਵਾਵਾਂ ਪਹੁੰਚਾਉਣ ਲਈ 2027 ਤੱਕ ਪੂਰੇ ਸੂਬੇ ਵਿਚ ਯੂਨੀਵਰਸਲ ਬਰਾਡਬੈਂਡ ਦੀ ਸਹੂਲਤ ਮੁਹੱਈਆ ਕਰਵਾਏ ਜਾਵੇਗੀ। ਇਸ ਸਮੇਂ ਲਗਪਗ 2 ਲੱਖ ਅਜਿਹੇ ਘਰ ਹਨ ਜਿਥੇ ਇਹ ਸਹੂਲਤ ਨਹੀ ਹੈ। ਸ਼ਹਿਰਾਂ ਦੇ ਕਸਬਿਆਂ ਨੂੰ ਸੁਰੱਖਿਆ ਬਣਾਉਣ ਲਈ ਮਿਊਂਸਪਲ ਪੁਲਿਸ ਫੰਡ ਬਹਾਲ ਕੀਤਾ ਜਾਵੇਗਾ। ਇਮੀਗ੍ਰੇਸ਼ਨ ਦੀ ਮਹੱਤਤਾ ਨੂੰ ਸਮਝਦਿਆਂ ਐਨ ਡੀ ਪੀ ਨੇ ਪੀ ਐਨ ਪੀ ਪ੍ਰੋਗਾਰਮ ਤਹਿਤ ਸਕਿਲਡ ਵਰਕਰਾਂ, ਹੈਲਥ ਵਰਕਰਾਂ ਤੇ ਅਲਬਰਟਾ ਵਿਚ ਪੜਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਪੀ ਆਰ ਵਾਸਤੇ ਤੇਜੀ ਲਿਆਂਦੀ ਜਾਵੇਗੀ। ਵਿਦੇਸ਼ੀ ਕਰੀਡੈਂਸ਼ੀਅਲ ਦੀ ਮਾਨਤਾ ਨੂੰ ਵੀ ਸਮਾਂਬੱਧ ਕੀਤਾ ਜਾਵੇਗਾ। ਬੱਚਿਆਂ ਨੂੰ ਖੇਡਾਂ ਤੇ ਮਨੋਰੰਜਨ ਸਹੂਲਤਾਂ ਲਈ 500 ਡਾਲਰ ਟੈਕਸ ਕਰੈਡਿਟ ਦਿੱਤਾ ਜਾਵੇਗਾ।

ਸੈਕੰਡਰੀ ਐਜੂਕੇਸ਼ਨ ਨੂੰ ਪਹੁੰਚ ਵਿਚ ਬਣਾਉਣ ਲਈ ਐਨ ਡੀ ਪੀ 2022-23 ਦੀਆਂ ਟਿਊਸ਼ਨਾਂ ਫੀਸਾਂ ਵਿਚ ਵਾਧਾ ਨਹੀ ਕਰੇਗੀ ਜਦੋਂਕਿ ਸਮਿਥ ਸਰਕਾਰ ਨੇ ਫੀਸਾਂ ਵਿਚ ਵਾਧੇ ਦੀ ਤਜਵੀਜ ਰੱਖੀ ਹੈ।ਇਸ ਨਾਲ ਸੂਬੇ ਵਿਚ ਪੜ ਰਹੇ 3 ਲੱਖ ਵਿਦਿਆਰਥੀਆਂ ਨੂੰ ਇਕ ਸਾਲ 100 ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਐਨ ਡੀ ਪੀ ਨੇ ਮੁਲਾਜਮਾਂ ਤੇ ਟੀਚਰਾਂ ਦੀ ਪੈਨਸ਼ਨ ਸਕੀਮ ਨੂੰ ਸੁਰੱਖਿਅਤ ਬਣਾਉਣ ਦਾ ਵਾਅਦਾ ਕੀਤਾ ਹੈ। ਔਰਤਾਂ ਦੀ ਸਿਹਤ ਦੀ ਸਹੂਲਤ ਨੂੰ ਧਿਆਨ ਰੱਖਿਦਆਂ ਮੁਫਤ ਗਰਭ ਨਿਰੋਧਕ ਗੋਲੀਆਂ ਤੇ ਹੋਰ ਉਪਾਵਾਂ ਦਾ ਵੀ ਵਾਅਦਾ ਕੀਤਾ ਹੈ। ਪਰਵਾਸੀ ਭਾਈਚਾਰਿਆਂ ਦੀ ਸਭਿਆਚਾਰਕ ਪਛਾਣ ਦੀ ਸੁਰੱਖਿਆ ਵਾਸਤੇ ਸੋਮਾਲੀ ਤੇ ਫਿਲਪੀਨੋ ਭਾਸ਼ਾਵਾਂ ਨੂੰ ਸਕੂਲਾਂ ਵਿਚ ਮੰਗ ਦੇ ਆਧਾਰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਦੋਵਾਂ ਪਾਰਟੀਆਂ ਵਲੋਂ ਆਪੋ ਆਪਣੇ ਪ੍ਰੋਗਰਾਮ ਤੇ ਚੋਣ ਵਾਅਦਿਆਂ ਤਹਿਤ ਸੂਬੇ ਦੀ ਬੇਹਤਰੀ, ਚੰਗੇਰੇ ਭਵਿੱਖ ਦੇ ਨਾਲ ਵਧੇਰੇ ਲੋਕ ਸਹੂਲਤਾਂ ਨਾਲ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਵੋਟਰਾਂ ਇਹਨਾਂ ਚੋਣ ਵਾਅਦਿਆਂ ਨੂੰ ਕਿਵੇਂ ਦਾ ਹੁੰਗਾਰਾ ਦਿੰਦੇ ਹਨ। ਇੰਤਜਾਰ ਬਾਕੀ ਹੈ.....





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

*Your Lawyers, Because We Care*

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸਰੀ ਮੈਮੋਰੀਅਲ ਹਸਪਤਾਲ ਵਿਚ ਐਮਰਜੈਂਸੀ ਸੇਵਾਵਾਂ ਦਾ ਬੁਰਾ ਹਾਲ

## ਦਰਜਨਾਂ ਡਾਕਟਰਾਂ ਨੇ ਐਮਰਜੈਂਸੀ ਸੇਵਾਵਾਂ ਵਿਚ ਦਰਪੇਸ਼ ਕਮੀਆਂ ਦਾ ਕੀਤਾ ਪਰਦਾਫਾਸ਼

ਸਰੀ (ਹਰਦਮ ਮਾਨ)-ਸਰੀ ਮੈਮੋਰੀਅਲ ਹਸਪਤਾਲ ਦੇ ਐਮਰਜੈਂਸੀ ਰੂਮ ਦੇ ਦਰਜਨਾਂ ਡਾਕਟਰਾਂ ਨੇ ਐਮਰਜੈਂਸੀ ਸੇਵਾਵਾਂ ਵਿਚ ਦਰਪੇਸ਼ ਕਮੀਆਂ ਦਾ ਪਰਦਾਫਾਸ਼ ਕਰਦਿਆਂ ਇੱਕ ਖੁੱਲ੍ਹਾ ਪੱਤਰ ਜਨਤਕ ਕੀਤਾ ਹੈ ਜਿਸ ਵਿਚ ਡਾਕਟਰਾਂ ਨੇ ਮੁੱਖ ਤੌਰ 'ਤੇ ਬਿਸਤਰਿਆਂ ਦੀ ਘਾਟ, ਡਾਕਟਰਾਂ ਦੀ ਕਮੀ ਅਤੇ ਚੁਣੇ ਹੋਏ ਆਗੂਆਂ ਵੱਲੋਂ ਸਮੱਸਿਆ ਦਾ ਕੋਈ ਵੀ ਸਾਰਥਕ ਹੱਲ ਨਾ ਪ੍ਰਦਾਨ ਕਰਨ ਦੇ ਮੁੱਦੇ ਉਠਾਏ ਹਨ। ਡਾਕਟਰਾਂ ਅਨੁਸਾਰ ਬਿਸਤਿਰਆਂ ਦੀ ਘਾਟ ਕਾਰਨ ਮਰੀਜ਼ਾਂ ਨੂੰ ਸਹੀ ਵਾਰਡ ਦੀ ਬਜਾਏ ਐਮਰਜੈਂਸੀ ਰੂਮ ਵਿੱਚ ਹੀ ਉਡੀਕ ਕਰਨ ਅਤੇ ਨਰਸਿੰਗ ਸਹਾਇਤਾ ਲਈ ਛੱਡਣਾ ਪੈਂਦਾ ਹੈ ਅਤੇ ਇਸ ਤਰ੍ਹਾਂ ਇਹ ਬੈੱਡ-ਬਲਾਕ ਡਾਕਟਰਾਂ ਨੂੰ ਹਾਲਵੇਅ ਵਿੱਚ ਹੀ ਸਟ੍ਰੋਕ, ਦਿਲ ਦੇ ਦੌਰੇ, ਟਰੋਮਾ, ਗਰਭਪਾਤ ਅਤੇ ਦਰਦਨਾਕ ਮਰੀਜ਼ਾਂ ਦਾ ਨਿਯਮਿਤ ਤੌਰ 'ਤੇ ਇਲਾਜ ਕਰਨ ਲਈ ਮਜਬੂਰ ਹੋਣਾਪੈ ਰਿਹਾ ਹੈ। ਡਾਕਟਰ ਵੇਟਿੰਗ ਰੂਮਾਂ, ਗਲਿਆਰਿਆਂ ਅਤੇ ਅਣ-ਨਿਗਰਾਨੀ ਵਾਲੇ ਇਲਾਜ ਖੇਤਰਾਂ ਵਿੱਚ ਕਮਜ਼ੋਰ ਮਰੀਜ਼ਾਂ ਦੀ ਦੇਖਭਾਲ ਕਰਨ ਲਈ ਮਜਬੂਰ ਹਨ ਜੋ ਕਿ ਪੂਰੀ ਤਰ੍ਹਾਂ ਅਸਵੀਕਾਰਨਯੋਗ ਸਥਿਤੀ ਹੈ ਅਤੇ ਦਿਨੋ ਦਿਨ ਵਿਗੜਦੀ ਜਾ ਰਹੀ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਫਰੇਜ਼ਰ ਹੈਲਥ ਨੂੰ ਐਮਰਜੈਂਸੀ ਰੂਮ ਤੋਂ ਹਸਪਤਾਲ ਦੇ ਵਾਰਡਾਂ ਵਿੱਚ ਮਰੀਜ਼ਾਂ ਨੂੰ



ਦਾਖਲ ਕਰਨ ਵਾਲੇ ਡਾਕਟਰਾਂ ਦੀ ਬਹੁਤ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਘਾਟ ਕਾਰਨ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਤੋਂ ਬਿਨਾਂ ਕਈ ਕਈ ਦਿਨ ਉਡੀਕ ਕਰਨੀ ਪੈਂਦੀ ਹੈ ਅਤੇ ਕੁਝ ਮਰੀਜ਼ ਐਮਰਜੈਂਸੀ ਸਹਾਇਤਾ ਦੀ ਉਡੀਕ ਕਰਦੇ ਕਰਦੇ ਹੀ ਮਰ ਚੁੱਕੇ ਹਨ। ਜੇਕਰ ਹਸਪਤਾਲ ਦੇ ਡਾਕਟਰ ਸਮੇਂ ਸਿਰ ਮਰੀਜ਼ਾਂ ਨੂੰ ਦੇਖਣ ਲਈ ਉਪਲਬਧ ਹੁੰਦੇ ਤਾਂ ਇਹਨਾਂ ਵਿੱਚੋਂ ਕੁਝ ਭਿਆਨਕ ਨਤੀਜਿਆਂ ਨੂੰ ਰੋਕਿਆ ਜਾ ਸਕਦਾ ਸੀ। ਡਾਕਟਰਾਂ ਨੇ ਇਹ ਵੀ ਕਿਹਾ ਹੈ ਕਿ ਬੀ.ਸੀ. ਦੇ ਚੁਣੇ ਹੋਏ ਅਧਿਕਾਰੀ ਜ਼ਮੀਨੀ ਤੌਰ 'ਤੇ ਡਾਕਟਰਾਂ ਲਈ ਰੋਜ਼ਾਨਾ ਦੀ ਹਕੀਕਤ ਨੂੰ ਬਦਲਣ ਲਈ ਕੋਈ ਸਾਰਥਕ ਹੱਲ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹਨ ਜਦੋਂ ਕਿ 2022 ਵਿੱਚ ਹਸਪਤਾਲ ਵਿਚਲੀਆਂ ਕਮੀਆਂ ਦੀ ਭਵਿੱਖਬਾਣੀ ਕਰ ਦਿੱਤੀ ਗਈ ਸੀ। ਪੱਤਰ ਵਿੱਚ ਕਿਹਾ ਗਿਆ ਹੈ ਕਿ ਡਾਕਟਰਾਂ ਵੱਲੋਂ ਆਪਣੇ ਖੇਤਰੀ ਅਤੇ ਸੂਬਾਈ ਨੇਤਾਵਾਂ ਨੂੰ ਵਾਰ-ਵਾਰ ਸੂਚਿਤ ਕੀਤਾ ਜਾਂਦਾ ਰਿਹਾ ਹੈ ਪਰ ਡਾਕਟਰਾਂ ਦੀਆਂ ਚਿਤਾਵਨੀਆਂ ਨੂੰ ਨਾ ਸਿਰਫ ਨਜ਼ਰਅੰਦਾਜ਼ ਕੀਤਾ ਗਿਆ ਸਗੋਂ ਫ੍ਰੇਜ਼ਰ ਹੈਲਥ ਵੱਲੋਂ ਐਮਰਜੈਂਸੀ ਰੂਮ ਦੇ ਡਾਕਟਰਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਜਨਤਾ ਨਾਲ ਹਸਪਤਾਲਾਂ ਦੀਆਂ ਚੁਣੌਤੀਆਂ, ਕਮੀਆਂ ਬਾਰੇ ਖੁੱਲ੍ਹ ਕੇ ਚਰਚਾ ਨਾ ਕਰਨ।

## ਸਿੱਖ ਪੰਥ ਵਿਚ ਨਵੇਂ ਵਿਵਾਦ ਨਾ ਪੈਦਾ ਕੀਤੇ ਜਾਣ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਸਿੱਖ ਵਿਦਵਾਨਾਂ ਅਤੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਪੰਥ ਵਿਚ ਨਵੇਂ ਵਿਵਾਦ ਪੈਦਾ ਕਰਕੇ ਨਵੇਂ



ਸਿਆਪੇ ਨਾ ਖੜ੍ਹੇ ਕੀਤੇ ਜਾਣ ਅਤੇ ਪਹਿਲਾਂ ਹੀ ਚੱਲ ਰਹੇ ਵਿਵਾਦ ਨੂੰ ਸਮਾਪਤ ਕਰਨ ਦੇ ਯਤਨ ਕੀਤੇ ਜਾਣ। ਆਪਣੇ ਇਕ ਸੰਦੇਸ਼ ਵਿਚ ਉਨ੍ਹਾਂ ਕਿਹਾ ਹੈ ਕਿ ਸਿੱਖ ਵਿਦਵਾਨਾਂ ਅਤੇ ਆਗੂਆਂ ਨੂੰ ਸਿੱਖ ਪੰਥ ਦੀ ਚੜ੍ਹਦੀ ਕਲਾ ਵਾਸਤੇ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਅਨੁਸਾਰ ਪੰਥ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਗੁਰਬਾਣੀ ਦੀ, ਗੁਰੂ ਆਸ਼ੇ ਅਨੁਸਾਰ ਸ਼ਰਧਾ ਵਧਾਉਣ ਵਾਲੀ ਵਿਆਖਿਆ ਕਰਨੀ ਚਾਹੀਦੀ ਹੈ। ਗੁਰਬਾਣੀ ਵਿੱਚ ਲਿਖੇ ਹੋਏ ਇਸ ਬਚਨ ਨੂੰ ਮੰਨਣਾ ਚਾਹੀਦਾ ਹੈ 'ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ'। ਨਾਮਧਾਰੀ ਮੁਖੀ ਨੇ ਪੰਥ ਵਧਾਉਣ ਲਈ ਸੁਝਾਅ ਦਿੰਦਿਆਂ ਕਿਹਾ ਹੈ ਕਿ ਸਾਨੂੰ ਉਹ ਕੰਮ ਕਰਨੇ ਚਾਹੀਦੇ ਹਨ; ਜਿਨ੍ਹਾਂ ਨਾਲ ਸਿੱਖਾਂ ਦੀ 'ਸ਼ਰਧਾ' ਵਧੇ ਅਤੇ ਉਹਨਾਂ ਦਾ ਆਪਣੇ ਗੁਰੂ ਜੀ ਉੱਤੇ 'ਵਿਸ਼ਵਾਸ' ਦ੍ਰਿੜ੍ਹ ਹੋਵੇ। ਕਿਉਂਕਿ, ਸਿੱਖੀ: ਤਰਕ, ਵਿਵਾਦਾਂ ਅਤੇ ਨਵੇਂ ਸੱਚ ਘੜਨ ਨਾਲ ਨਹੀਂ, ਸਿੱਖੀ ਤਾਂ ਸ਼ਰਧਾ ਨਾਲ ਹੈ। "ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ" (ਮ.੪)। ਪਰੰਤੂ, ਉਸ 'ਸ਼ਰਧਾ' ਦੇ ਵਿੱਚ: ਜਦੋਂ ਅਸੀਂ ਆਪਣੇ ਅਨੁਸਾਰ ਨਵਾਂ ਕੋਈ 'ਸੱਚ' ਘੜ ਕੇ; ਪੰਥ ਵਿੱਚ ਇਕ ਨਵਾਂ ਵਿਵਾਦ ਖੜ੍ਹਾ ਕਰ ਦਿੰਦੇ ਹਾਂ ਅਤੇ ਪੁਰਾਤਨ ਪਰੰਪਰਾ ਜਾਂ ਵਿਸ਼ਵਾਸ ਨੂੰ 'ਚੈਲੰਜ' ਕਰਕੇ ਉਹਦੇ ਉੱਤੇ ਠੋਕਰ ਮਾਰਦੇ ਹਾਂ ਤਾਂ ਉਹਦੇ ਨਾਲ ਵਿਦਵਾਨਾਂ ਦਾ ਨਾਮ ਤਾਂ ਜ਼ਰੂਰ ਚਮਕ ਜਾਂਦਾ ਹੈ ਪਰੰਤੂ, ਲੋਕਾਂ ਦੀ 'ਸ਼ਰਧਾ' ਘਟ ਜਾਂਦੀ ਹੈ ਅਤੇ ਪੰਥ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ; ਜਿਹੜਾ ਵਾਪਸ ਨਹੀਂ ਹੋ ਸਕਦਾ। ਠਾਕੁਰ ਦਲੀਪ ਸਿੰਘ ਨੇ ਕਿਹਾ ਹੈ ਕਿ ਪੰਥ ਦੇ ਪ੍ਰਚਾਰ-ਪ੍ਰਸਾਰ ਲਈ ਪੁਰਜ਼ੋਰ ਉੱਦਮ ਕਰਨ ਦੀ ਲੋੜ ਹੈ ਅਤੇ ਸਿੱਖ ਵਿਦਵਾਨਾ ਅਤੇ ਆਗੂਆਂ ਨੂੰ ਚਾਹੀਦਾ ਹੈ ਕਿ ਨਵਾਂ ਕੋਈ ਸ਼ੋਸ਼ਾ ਛੱਡ ਕੇ ਸਿੱਖ ਪੰਥ ਵਿੱਚ ਨਵੇਂ ਵਿਵਾਦ ਉਤਪੰਨ ਨਾ ਕੀਤੇ ਜਾਣ।

## ਕੋਲੈਸਟ੍ਰੋਲ ਨੂੰ ਘੱਟ ਕਰਦਾ ਹੈ ਫਲਾਂ ਦਾ ਜੂਸ

ਅਮਰੀਕੀ ਜਰਨਲ ਆਫ਼ ਕਲੀਨਿਕ ਨਿਊਟ੍ਰੀਸ਼ਨ ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਨੁਸਾਰ ਫਾਈਬਰ ਬੀਟਾ ਗੁਲੂਕੋਨ ਦੀ ਭਰਪੂਰ ਮਾਤਰਾ ਵਾਲੇ ਫਲਾਂ ਦੇ ਰਸ ਪੀਣ ਨਾਲ ਖੂਨ ਵਿਚ ਕੋਲੈਸਟ੍ਰੋਲ ਦਾ ਦਬਾਅ ਘੱਟ ਹੁੰਦਾ ਹੈ, ਜੋ ਭਵਿੱਖ ਵਿਚ ਹੋਣ ਵਾਲੀਆਂ ਦਿਲ ਸਬੰਧੀ ਬਿਮਾਰੀਆਂ ਨੂੰ ਘੱਟ ਕਰਦਾ ਹੈ। ਨੀਦਰਲੈਂਡ ਸਥਿਤ ਮਾਸਟ੍ਰਿਚ ਵਿਸ਼ਵ ਵਿਦਿਆਲਿਆ ਦੇ ਡਾ: ਰੋਨਾਲਡ ਪੀ। ਮੇਨਸਿਨ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਖੋਜ ਰਿਪੋਰਟ ਅਨੁਸਾਰ 25 ਤੰਦਰੁਸਤ ਲੋਕਾਂ ਨੂੰ ਬੀਟਾ ਗੁਲੂਕੋਨ ਭਰਪੂਰ ਫਲਾਂ ਦਾ ਰਸ ਦਿੱਤਾ ਗਿਆ, ਜਦਕਿ 22 ਹੋਰ ਲੋਕਾਂ ਨੂੰ ਸਟਾਰਚ ਭਰਪੂਰ ਫਲਾਂ ਦਾ ਰਸ ਦਿੱਤਾ ਗਿਆ। ਪੰਜ ਹਫ਼ਤੇ ਬਾਅਦ ਜਾਂਚ ਕਰਨ 'ਤੇ ਦੇਖਿਆ ਗਿਆ ਕਿ ਸਟਾਰਚ ਭਰਪੂਰ ਫਲਾਂ ਦੇ ਰਸ ਦੇ ਬਦਲੇ ਬੀਟਾ ਗੁਲੂਕੋਨ ਵਾਲੇ ਫਲਾਂ ਦੇ ਰਸ ਪੀਣ ਵਾਲਿਆਂ ਵਿਚ ਕੋਲੈਸਟ੍ਰੋਲ ਦੀ ਮਾਤਰਾ ਬਹੁਤ ਘੱਟ ਸੀ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਨਵੀਂ ਪੀੜ੍ਹੀ ਨੂੰ ਕਿਤਾਬਾਂ ਅਤੇ ਕਿਰਤ ਨਾਲ ਜੋੜੀਏ !

ਪੰਜਾਬੀ ਉਦਮੀ ਹਨ ਤੇ ਹਮੇਸ਼ਾ ਖਤਰੇ ਸਹੇੜਨ ਲਈ ਤਿਆਰ ਰਹਿੰਦੇ ਹਨ। ਔਖੀ ਘੜੀ ਵਿਚ ਵੀ ਉਹ ਚੜ੍ਹਦੀ ਕਲਾ ਵਿਚ ਰਹਿੰਦਿਆਂ ਮੁਸ਼ਕਿਲਾਂ ਦਾ ਡੱਟ ਕੇ ਮੁਕਾਬਲਾ ਕਰਦੇ ਹਨ। ਉਹ ਹਮੇਸ਼ਾਂ ਨਵੇਂ ਵਿਚਾਰਾਂ ਅਤੇ ਨਵੀਆਂ ਥਾਂਵਾਂ ਨੂੰ ਅਪਣਾ ਬਣਾਉਣ ਲਈ ਵੀ ਤੱਤਪੁਰ ਰਹਿੰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀਆਂ ਵਿਚ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਵਿਚ ਤੇਜ਼ੀ ਆਈ ਹੈ।ਇਸੇ ਪ੍ਰਵਾਹ ਅਧੀਨ ਉਨ੍ਹਾਂ ਪੱਛਮੀ ਪਹਿਰਾਵਾ, ਖਾਣ ਪੀਣ ਤੇ ਰਸਮੋ ਰਿਵਾਜਾਂ ਨੂੰ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇਜ਼ੀ ਨਾਲ ਅਪਣਾਇਆ ਹੈ।ਅੰਗ੍ਰੇਜ਼ੀ ਦਾ ਗਿਆਨ ਪ੍ਰਾਪਤ ਕਰਨ ਦੀ ਲਾਲਸਾ ਅਧੀਨ ਪੰਜਾਬੀਆਂ ਨੇ ਆਪਣੇ ਬੱਚੇ ਅਖੌਤੀ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹਨੇ ਪਾ ਦਿੱਤੇ ਹਨ। ਇਨ੍ਹਾਂ ਬੱਚਿਆਂ ਨੂੰ ਪੰਜਾਬੀ ਪੜ੍ਹਨ ਤੇ ਬੋਲਣ ਤੋਂ ਵਰਜਿਆ ਜਾਂਦਾ ਹੈ।ਉਨ੍ਹਾਂ ਨੂੰ ਆਪਣਾ ਸ਼ਾਨਾਮੱਤਾ-ਇਤਿਹਾਸ ਪੜ੍ਹਾਉਣ ਅਤੇ ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਵਾਉਣ ਦੀ ਥਾਂ ਵਿਦੇਸ਼ੀ ਇਤਿਹਾਸ ਅਤੇ ਸੱਭਿਆਚਾਰ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।ਇਸ ਤਬਦੀਲੀ ਦਾ ਪ੍ਰਭਾਵ ਜਿਥੇ ਉਨ੍ਹਾਂ ਦੇ ਰਹਿਣ ਸਹਿਣ ਉਤੇ ਪਿਆ ਹੈ ਉਥੇ ਉਹ ਆਪਣੇ ਸੱਭਿਆਚਾਰ ਅਤੇ ਰਸਮੋ ਰਿਵਾਜਾਂ ਤੋਂ ਦੂਰ ਹੋ ਰਹੇ ਹਨ।ਆਪਣੇ ਵਿਰਸੇ 'ਤੇ ਮਾਣ ਕਰਨਾ ਉਹ ਭੁੱਲ ਗਏ ਹਨ। ਸਾਰੇ ਸੰਸਾਰ ਨੂੰ ਚੜ੍ਹਦੀ ਕਲਾ ਦਾ ਸੁਨੇਹਾ ਦੇਣ ਵਾਲੀ ਕੌਮ ਆਪ ਢਹਿੰਦੀ ਕਲਾ ਦਾ ਸ਼ਿਕਾਰ ਹੋ ਰਹੀ ਹੈ।ਇਸ ਦਾ ਅਸਰ ਉਨ੍ਹਾਂ ਦੇ ਕੰਮਾਂ ਕਾਰਾਂ ਵਿਚ ਸਾਫ਼ ਨਜ਼ਰ ਆਉਣ ਲੱਗ ਪਿਆ ਹੈ।ਪੈਸੇ ਕਮਾਉਣ ਦੀ ਦੌੜ ਵਿਚ ਉਹ ਗਲਤ ਕੰਮ ਕਰਨ ਲਈ ਵੀ ਤਿਆਰ ਰਹਿਣ ਲੱਗ ਪਏ ਹਨ। ਸਰਕਾਰੀ ਦਫ਼ਤਰਾਂ ਵਿਚ ਰਿਸ਼ਵਤਖੋਰੀ ਦਾ ਬੋਲਬਾਲਾ ਹੈ।ਬਾਜ਼ਾਰ ਵਿਚ ਵਿਕਣ ਵਾਲੀਆਂ ਬਹੁਤੀਆਂ ਵਸਤਾਂ ਵਿਚ ਮਿਲਾਵਟ ਹੋਣ ਲੱਗ ਪਈ ਹੈ।ਇਥੋਂ ਤੱਕ ਕਿ ਸ਼ੁੱਧ ਦੁੱਧ ਤੇ ਦੁੱਧ ਪਦਾਰਥ ਮਿਲਣੇ ਮੁਸ਼ਕਲ ਹੋ ਰਹੇ ਹਨ। ਬਹੁਤੇ ਕਾਰਖਾਨੇ ਰਸਾਇਣਾਂ ਨਾਲ ਭਰੇ ਪਾਣੀ ਨੂੰ ਸਾਫ਼ ਕਰਨ ਦੀ ਥਾਂ ਵਗਦੇ ਦਰਿਆ ਵਿਚ ਸੁੱਟਣ ਦਾ ਯਤਨ ਕਰਦੇ ਹਨ ਜਾਂ ਧਰਤੀ ਹੇਠਾਂ ਭੇਜ ਰਹੇ ਹਨ।ਇਝ ਪੰਜਾਬ ਦੇ ਪਾਣੀਆਂ ਵਿਚ ਜ਼ਹਿਰ ਘੁਲ ਰਹੀ ਹੈ।ਕਾਇਦੇ ਕਾਨੂੰਨ ਦੀ ਪਾਲਣਾ ਕਰਨਾ ਕਮਜ਼ੋਰੀ ਸਮਝਿਆ ਜਾਣ ਲਗ ਪਿਆ ਹੈ। ਹੱਥੀਂ ਕੰਮ ਕਰਨਾ ਅਸੀਂ ਹੇਠੀ ਸਮਝਣ ਲਗ ਪਏ ਹਾਂ। ਵਿਖਾਵਾ ਸਾਡੇ ਜੀਵਨ ਦਾ ਅੰਗ ਬਣ ਰਿਹਾ ਹੈ। ਵਿਤੋਂ ਵੱਧ ਖਰਚ ਕਰਨ ਨੂੰ ਮਾਣ ਸਮਝਦੇ ਹਾਂ। ਪ੍ਰਵਾਸੀ ਮਜ਼ਦੂਰਾਂ ਉਤੇ ਸਾਡੀ ਨਿਰਭਰਤਾ ਏਨੀ ਵੱਧ ਗਈ ਹੈ ਕਿ ਹੁਣ ਉਨ੍ਹਾਂ ਦੀ ਗਿਣਤੀ ਸੂਬੇ ਵਿਚ ਕੋਈ 25 ਲੱਖ ਤੱਕ ਹੋ ਗਈ ਹੈ। ਖੇਤਾਂ, ਫੈਕਟਰੀਆਂ ਅਤੇ ਘਰਾਂ ਵਿਚ ਹਰ ਥਾਂ ਪ੍ਰਵਾਸੀ ਮਜ਼ਦੂਰ ਨਜ਼ਰ ਆ ਰਹੇ ਹਨ।ਸਾਡੇ ਪਿੰਡ ਇਕ ਇਕ ਕਰਕੇ ਸ਼ਹਿਰਾਂ ਦੀ ਭੇਟ ਚੜ੍ਹ ਰਹੇ ਹਨ। ਉਨ੍ਹਾਂ ਦੇ ਨਾਲ ਹੀ ਸਾਡੀਆਂ ਪਰੰਪਰਾਵਾਂ, ਸੱਭਿਆਚਾਰ, ਲੋਕ ਗੀਤ, ਲੋਕ ਨਾਚ, ਲੋਕ ਬੋਲੀ ਵੀ ਮਰ ਰਹੀ ਹੈ।ਇਸ ਨਾਲ ਆਰਥਿਕਤਾ ਨੂੰ ਤਾਂ ਧੱਕਾ ਲੱਗਿਆ ਹੀ ਹੈ ਪਰ ਨਾਲ ਹੀ ਏਡਜ਼ ਵਰਗੀ ਬਿਮਾਰੀ, ਜੁਰਮ ਅਤੇ ਦੀ ਵਰਤੋ ਵਿਚ ਵੀ ਵਾਧਾ ਹੋ ਰਿਹਾ ਹੈ। ਮਨੁੱਖੀ ਵਿਕਾਸ ਹੋਣ ਦੀ ਥਾਂ ਇਹ ਨਿਘਾਰ ਵੱਲ ਜਾ ਰਿਹਾ ਹੈ ਜਿਸ ਦਾ ਇਕ ਕਾਰਨ ਸਰਕਾਰੀ ਵਿਦਿਅਕ ਢਾਂਚੇ ਦਾ ਟੁੱਟ ਜਾਣਾ ਹੈ।ਸਰਕਾਰ ਅਤੇ ਅਧਿਆਪਕ ਇਸ ਪਾਸੇ ਸੰਜੀਦਾ ਨਹੀਂ ਹਨ।ਇਸੇ ਦਾ ਅਸਰ ਪੰਜਾਬੀਆਂ ਉਤੇ ਪੈ ਰਿਹਾ ਹੈ।ਉਨ੍ਹਾਂ ਦੇ ਜੀਵਨ ਵਿਚੋਂ ਵੀ ਸੰਜੀਦਗੀ ਖਤਮ ਹੋ ਰਹੀ ਹੈ। ਬਹੁਗਿਣਤੀ ਦੀ ਸੋਚ ਬਣ ਰਹੀ ਹੈ ਕਿ ਜੀਵਨ ਵਿਚ ਪੈਸਾ ਹੀ ਸਭ ਤੋਂ ਮਹੱਤਵਪੂਰਨ ਹੈ, ਉਸ ਨੂੰ ਪ੍ਰਾਪਤ ਕਰਨ ਲਈ ਕੁਝ ਵੀ ਕਰ ਲੈਣਾ ਚਾਹੀਦਾ ਹੈ। ਇਸ ਸੋਚ ਨਾਲ ਸਦੀਆਂ ਤੋਂ ਚਲੀਆਂ ਆ ਰਹੀਆਂ ਸਦਾਚਾਰਕ ਕਦਰਾਂ ਕੀਮਤਾਂ ਦਮ ਤੋੜਨ ਲਗ ਪਈਆਂ ਹਨ।ਇਥੋਂ ਤਕ ਕਿ ਸਾਡੇ ਧਾਰਮਿਕ ਆਗੂ ਅਤੇ ਪ੍ਰਚਾਰਕ ਵੀ ਇਸ ਦੀ ਲਪੇਟ ਵਿਚ ਆ ਗਏ ਹਨ।ਉਨ੍ਹਾਂ ਦਾ ਮਿਸ਼ਨ ਲੋਕਾਂ ਨੂੰ ਧਰਮ ਦੇ ਨਾਲ ਜੋੜਨ ਦੀ ਥਾਂ ਮਾਇਆ ਬਟੋਰਨਾ ਬਣ ਗਿਆ ਹੈ।ਉਨ੍ਹਾਂ ਦੇ ਪ੍ਰਵਚਨ, ਕੀਰਤਨ ਜਾਂ ਸੇਵਾ ਮੁੱਲ ਵਿਕਦੀ ਹੈ।ਉਨ੍ਹਾਂ ਲਈ ਇਹ ਇਕ ਵਪਾਰਿਕ ਪੇਸ਼ਾ ਬਣ ਗਿਆ ਹੈ।ਜਦੋਂ ਧਰਮ ਦੇ ਪ੍ਰਚਾਰਕ ਪੈਸੇ ਦਾ ਰੂਪ ਧਾਰਨ ਕਰ ਲੈਣ ਫਿਰ ਭਲਾ ਸਥਿਰ ਤੇ ਸੰਜੀਦਗੀ ਉਥੇ ਕਿਵੇਂ ਠਹਿਰ ਸਕਦੀ ਹੈ।ਇਨ੍ਹਾਂ ਕੋਲ ਸੇਵਾ, ਸਾਦਗੀ, ਨਿਮਰਤਾ ਜਾਂ ਪ੍ਰੇਮ ਭਾਵ ਲਈ ਕੋਈ ਸਥਾਨ ਨਹੀਂ ਹੈ।ਲੋਕਾਂ ਨੂੰ ਸੇਵਾ, ਸੱਚ, ਸਿਮਰਨ, ਸਾਦਗੀ ਦੀ ਸਿੱਖਿਆ ਦੇਣ ਵਾਲੇ ਜਦੋਂ ਆਪ ਹੀ ਉਸ ਤੋਂ ਕੋਹਾਂ ਦੂਰ ਹੋ ਜਾਣਗੇ ਫਿਰ ਉਨ੍ਹਾਂ ਦੇ ਪ੍ਰਬਚਨਾਂ ਦਾ ਸਾਰਥਿਕ ਅਸਰ ਕਿਵੇਂ ਹੋਵੇਗਾ। ਪੁਸਤਕਾਂ ਨਾਲ ਜੁੜੇ ਬੱਚਿਆਂ ਨੂੰ ਆਪਣੀ ਬੋਲੀ ਪੰਜਾਬੀ ਨਾਲ ਜੋੜਿਆ ਜਾਵੇ। ਆਪਣੇ ਸ਼ਾਨਾਮੱਤੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਿਆ ਜਾਵੇ ਤਾਂ ਜੋ ਉਨ੍ਹਾਂ ਵਿਚ ਆਪਣੀ ਮਿੱਟੀ ਦਾ ਮੋਹ ਜਾਗੇ। ਇਤਿਹਾਸ ਦੀ ਕਿਤਾਬ ਵਿਚ ਪੰਜਾਬ ਤੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਜਾਵੇ।ਸਾਡੇ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਸਾਹਿਬਾਂ ਦੇ ਚਮਤਕਾਰਾਂ ਦੀਆਂ ਸਾਖੀਆਂ ਉਤੇ ਜ਼ੋਰ ਦੇਣ ਦੀ ਥਾਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਪ੍ਰਚਾਰਿਆ ਜਾਵੇ।ਵਡੇਰਿਆਂ ਦੀਆਂ ਕੁਰਬਾਨੀਆਂ ਤੇ ਆਪਣੇ ਮਹਾਨ ਵਿਰਸੇ ਦੀਆਂ ਬਾਤਾਂ ਪਾਈਆਂ ਜਾਣ। ਪੰਜਾਬ ਦੇ ਸਕੂਲਾਂ ਵਿਚ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਵਿਚ ਪੰਜਾਬ, ਪੰਜਾਬੀ ਸੱਭਿਆਚਾਰ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਮੁੱਖ ਤੌਰ ਉਤੇ ਉਘਾੜਿਆ ਜਾਵੇ।ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਬਣਾਏ ਜਾਣ। ਬੱਚਿਆਂ ਨੂੰ ਹੁਨਰੀ ਬਣਾਈਏ ਤੇ ਆਪਣੇ ਪੈਰਾਂ ਉਤੇ ਖੜ੍ਹੇ ਹੋਣਾ ਸਿਖਾਈਏ।ਆਵੋ- ਰਲ ਕੇ ਯਤਨ ਕਰੀਏ ਪੰਜਾਬ, ਪੰਜਾਬੀ ਤੇ ਪੰਜਾਬੀ ਸੱਭਿਆਚਾਰ ਨਾਲ ਨਵੀਂ ਪੀੜ੍ਹੀ ਨੂੰ ਜੋੜੀਏ। ਅਜੇਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਮੁੰਡਿਆਂ ਹੱਥ ਕਿਤਾਬਾਂ ਫੜਾਵਾਂਗੇ, ਉਨ੍ਹਾਂ ਨੂੰ ਵਿਦਿਆ ਪ੍ਰਾਪਤੀ ਲਈ ਉਕਸਾਵਾਂਗੇ। ਪੰਜਾਬੀ ਖਾਸ ਕਰਕੇ ਸਿੱਖਾਂ ਨੂੰ ਤਾਂ ਗੁਰੂ ਨਾਨਕ ਸਾਹਿਬ ਨੇ ਗਿਆਨ ਤੇ ਕਿਰਤ ਦੇ ਲੜ ਲਾਇਆ ਸੀ ਫਿਰ ਨਵੀਂ ਪੀੜ੍ਹੀ ਗਿਆਨ ਵਿਹੂਣੀ ਹੋ ਕੇ ਕੁਰਾਹੇ ਕਿਉਂ ਪੈ ਰਹੀ ਹੈ ਅਤੇ ਇਸ ਬਾਰੇ ਚਿੰਤਨ ਦੀ ਲੋੜ ਹੈ। ਹਰ ਮੋੜ ਉਤੇ ਵਿਦੇਸ਼ ਭੇਜਣ ਵਾਲੀਆਂ ਦੁਕਾਨਾਂ ਨਜਰ ਆਉਂਦੀਆਂ ਹਨ ਪਰ ਕਿਤੇ ਵੀ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਦੇ ਕੋਚਿੰਗ ਸੈਂਟਰ ਨਜ਼ਰ ਨਹੀਂ ਆਉਂਦੇ। ਵਿਦੇਸ਼ ਜ਼ਰੂਰ ਜਾਵੋ ਪਰ ਇਥੋਂ ਪੜ੍ਹ ਲਿਖ ਕੇ ਜਾਵੋ ਤੇ ਉਥੇ ਪੜ੍ਹਾਈ ਕਰਕੇ ਉਚੀਆਂ ਪਦਵੀਆਂ ਪਾਵੋ।













# ਟੋਰਾਂਟੋ ਰੀਅਲ ਇਸਟੇਟ ਬੋਰਡ ਵਲੋਂ ਸਮਾਗਮ

ਟੋਰਾਂਟੋ-ਟੋਰਾਂਟੋ ਕਾਂਗਰਸ ਸੈਂਟਰ ਵਿੱਚ ਦੋ ਦਿਨਾ ਲਈ ਚੱਲ ਰਹੇ ਰਿਐਲਟਰ ਕਿਔਸਟ ਤੇ ਭਾਰੀ ਇਕੱਠ ਹੋਇਆ । ਕਰੋਨਾ ਕਾਲ ਤੋ ਬਾਦ ਟੋਰਾਂਟੋ ਰੀਅਲ ਇਸਟੇਟ ਬੋਰਡ ਵਲੋ ਇਹ ਸਮਾਗਮ ਕਰਾਵਾਇਆ ਗਿਆ ।ਇਸ ਮੌਕੇ ਤੇ ਸਮੂਹ ਕਨੇਡੀਅਨ ਭਾਈਚਾਰੇ ਦੇ ਰਿਐਲਟਰਜ ਮੌਜੂਦ ਸਨ ।ਜਿੱਥੇ ਰੀਅਲ ਇਸਟੇਟ ਦੇ ਸਬੰਧ ਵਿੱਚ ਵੱਖ ਵੱਖ ਤਰਾਂ ਦੀ ਜਾਣਕਾਰੀ ਦਿੱਤੀ ਗਈ । ਇਸ ਮੌਕੇ ਤੇ ਸਾਡੇ ਨਾਲ ਗੱਲਬਾਤ ਕਰਦੇ ਹੋਏ ਕਨੇਡਾ ਦੀ ਵੱਡੀ ਕੰਪਨੀ ਹੋਮਲਾਈਫ ਦੇ ਫਾਊਡਰ ਮਿਸਟਰ ਐਡਰਿਓ ਸ਼ਿਮਰਮੈਨ ਨੇ ਕਿਹਾ ਮੰਦੀ ਤੋ ਬਾਅਦ ਰਿਐਲਇਸਟੇਟ ਮਾਰਕਿਟ ਫੇਰ ਤੋ ਜਲਦੀ ਗਰਮ ਹੋ ਜਾਵੇਗੀ ।ਇਸ ਮੌਕੇ ਪੰਜਾਬੀ ਭਾਈਚਾਰੇ ਤੋ ਰਿਐਲਟਰਜ ਵੀ ਵੱਡੀ ਗਿਣਤੀ ਵਿੱਚ ਹਾਜਿਰ ਸਨ ।ਜਿੰਨਾ ਵਿੱਚ ਹੋਮਲਾਇਫ ਸਿਲਵਰਸਿਟੀ ਦੇ ਅਜੀਤ ਗਰਚਾ, ਚਰਨਜੀਤ ਜੱਸੀ , ਬਲਜਿੰਦਰ ਸੇਖਾ, ਜੱਸੀ ਭੁੱਲਰ ਤੋ ਇਲਾਵਾ ਦਿਲ ਸੰਧੂ ਢੱਡੀਆਂ, ਸਤਵੀਰ ਧਾਲੀਵਾਲ ਆਦਿ ਰਿਐਲਟਰਜ ਨੇ ਹਿੱਸਾ ਲਿਆ।

# ਗੁਰਬਖਸ਼ ਸਿੰਘ ਸੈਣੀ ਪਲਾਟੀਨਮ ਜੁਬਲੀ ਐਵਾਰਡ ਨਾਲ ਸਨਮਾਨਿਤ

ਸਰੀ-ਬੀਤੇ ਦਿਨੀਂ ਸੀਨੀਅਰ ਲਿਬਰਲ ਕਾਰਕੁੰਨ ਤੇ ਉਘੇ ਸਮਾਜ ਸੇਵੀ ਗੁਰਬਖਸ਼ ਸਿੰਘ ਸੈਣੀ ਨੂੰ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਮਹਾਰਾਣੀ ਪਲਾਟੀਨਮ ਜੁਬਲੀ ਐਵਾਰਡ ਨਾਲ ਸਨਮਾਨਿਤਕੀਤਾ ਗਿਆ। ਉਹਨਾਂ ਨੂੰ ਇਹ ਐਵਾਰਡ ਫਲੀਟਵੁੱਡ-ਪੋਰਟ ਕੈਲਸ ਤੋਂ ਲਿਬਰਲ ਐਮ ਪੀ ਕੈਨ ਹਾਰਡੀ ਵਲੋਂ ਪ੍ਰਦਾਨ ਕੀਤਾ ਗਿਆ। ਇਸ ਮੌਕੇ ਐਮ ਪੀ ਕੈਨ ਹਾਰਡੀ ਨੇ ਉਹਨਾਂ ਦੀਆਂ ਲਿਬਰਲ ਪਾਰਟੀ ਅਤੇ ਸਮਾਜ ਪ੍ਰਤੀ ਸੇਵਾਵਾਂ ਲਈ ਜ਼ੋਰਦਾਰ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਗੁਰਬਖਸ਼ ਸੈਣੀ ਵਿਲੀਅਮ ਲੇਕ ਸਿਟੀ ਕੌਂਸਲ ਵਿਚ 14 ਸਾਲ ਕੌਂਸਲਰ ਰਹਿਣ ਦੇ ਨਾਲ ਕੈਰੀਬੂ-ਪ੍ਰਿੰਸ ਜੌਰਜ ਤੋ ਲਿਬਰਲ ਉਮੀਦਵਾਰ ਵਜੋ ਚੋਣ ਵੀ ਲੜ ਚੁੱਕੇ ਹਨ, ਪਿਛਲੇ ਲੰਬੇ ਸਮੇ ਤੋ ਸਰੀ ਵਿਚ ਮੂਵ ਹੋਣ ਉਪਰੰਤ ਇਥੇ ਲਿਬਰਲ ਕਾਰਕੁੰਨ ਵਜੋਂ ਸਰਗਰਮੀ ਨਾਲ ਵਿਚਰਦੇ ਆ ਰਹੇ ਹਨ। ਸੈਣੀ ਗਰੁੱਪ ਆਫ ਕੰਪਨੀਜ਼ ਅਤੇ ਨਾਪਾ ਆਟੋ ਇੰਡਸਟਰੀ ਸਪਲਾਇਰ ਦੇ ਸੀਈਓ ਵਜੋ ਆਪਣਾ ਕਾਰੋਬਾਰ ਕਰਨ ਵਾਲੇ ਗੁਰਬਖਸ਼ ਸੈਣੀ ਬੀ ਸੀ ਲਿਕੁਰ ਅਪੀਲ ਬੋਰਡ, ਬੀ ਸੀ ਕਮਰਸ਼ੀਅਲ ਅਪੀਲ ਕਮਿਸ਼ਨ ਦੇ ਮੈਂਬਰ ਸਮੇਤ ਕਈ ਹੋਰ ਸਰਕਾਰੀ ਮਾਣ ਸਨਮਾਨ ਹਾਸਲ ਕਰ ਚੁੱਕੇ ਹਨ।



# ਇੰਝ ਲਗਾਓ ਘਰ ਵਿਚ ਬ.ਗੀਚਾ



ਮਿੱਠਾ ਨਿੰਮ, ਪੁਦੀਨਾ, ਧਨੀਆ, ਅਜਵਾਇਨ, ਤੁਲਸੀ ਵਰਗੀਆਂ ਜੜੀਆਂ-ਬੂਟੀਆਂ ਬਾਰੇ ਸਾਰੇ ਜਾਣਦੇ ਹਨ ਅਤੇ ਅਸੀਂ ਇਨ੍ਹਾਂ ਦੀ ਹਰ ਰੋਜ਼ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਕਰਦੇ ਹਾਂ ਕਿਉਂਕਿ ਇਹ ਜੜੀਆਂ-ਬੂਟੀਆਂ ਸਾਡੇ ਭੋਜਨ ਨੂੰ ਜ਼ਿਆਦਾ ਸਵਾਦੀ ਬਣਾਉਂਦੀਆਂ ਹਨ। ਬਣੇ ਹੋਏ ਭੋਜਨ ਦੀ ਸਜਾਵਟ ਲਈ ਵੀ ਕੰਮ ਆਉਂਦਾ ਹੈ ਅਤੇ ਸਾਡੀ ਸਿਹਤ ਲਈ ਵੀ ਸਰਬੋਤਮ ਹੁੰਦੀਆਂ ਹਨ। 'ਸਭ ਤੋਂ ਪਹਿਲਾਂ ਇਸ ਗੱਲ ਵੱਲ ਧਿਆਨ ਦਿਓ ਕਿ ਤੁਸੀਂ ਜਿਥੇ ਰਹਿੰਦੇ ਹੋ, ਉਥੇ ਦਾ ਵਾਤਾਵਰਨ ਕਿਸ ਤਰ੍ਹਾਂ ਦਾ ਹੈ। ਇਸ ਬਾਰੇ ਸ਼ੁਰੂ ਵਿਚ ਕਿਸੇ ਮਾਲੀ ਦੀ ਮਦਦ ਵੀ ਲੈ ਸਕਦੇ ਹੋ। 'ਕੁਝ ਗਮਲੇ ਖਰੀਦੋ ਜਾਂ ਕੁਝ ਵੱਡੇ ਕਿਸ਼ਤੀ ਆਕਾਰ ਦੇ ਗਮਲੇ ਖਰੀਦੋ। ਉਨ੍ਹਾਂ ਵਿਚ ਚੰਗੀ ਕੁਆਲਿਟੀ ਦੀ ਮਿੱਟੀ ਅਤੇ ਖਾਦ ਮਿਲਾ ਕੇ ਗਮਲਿਆਂ ਵਿਚ ਪਾਓ। 'ਫਿਰ ਰੰਬੇ ਦੀ ਮਦਦ ਨਾਲ ਗਮਲਿਆਂ ਵਿਚਾਲੇ ਇਕ ਸੁਰਾਖ ਜਿਹਾ ਬਣਾਓ ਕਿਉਂਕਿ ਉਸ ਸੁਰਾਖ ਵਿਚ ਤੁਸੀਂ ਬੂਟਾ ਲਗਾਉਣਾ ਹੈ। 'ਜੇਕਰ ਤੁਹਾਡੇ ਕੋਲ ਕਿਸ਼ਤੀ ਆਕਾਰ ਦਾ ਵੱਡਾ ਗਮਲਾ ਹੈ ਤਾਂ ਉਸ ਵਿਚ ਚਾਹੋ ਤਾਂ ਦੋ ਤਰ੍ਹਾਂ ਦੀਆਂ ਜੜੀਆਂ ਬੂਟੀਆਂ ਲਗਾ ਸਕਦੇ ਹੋ, ਛੋਟੇ ਆਕਾਰ ਦੇ ਹਰਬ ਅੱਗੇ ਵਾਲੇ ਹਿੱਸੇ ਵਿਚ ਅਤੇ ਥੋੜ੍ਹੇ ਲੰਮੇ ਹੋਣ, ਉਨ੍ਹਾਂ ਨੂੰ ਪਿੱਛੇ ਵਾਲੇ ਪਾਸੇ ਲਾ? ਤਾਂ ਕਿ ਸੌਖਿਆਂ ਹੀ ਉਨ੍ਹਾਂ ਦੀਆਂ ਪੱਤੀਆਂ ਨੂੰ ਤੋੜ ਕੇ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਗਮਲਿਆਂ ਵਿਚ ਮਿੱਟੀ ਚੰਗੀ ਕੁਆਲਿਟੀ ਦੀ ਪਾ?, ਫਿਰ ਹੌਲੀ ਜਿਹੇ ਉਨ੍ਹਾਂ ਵਿਚ ਬੂਟਾ ਲਗਾ ਕੇ ਹਲਕਾ-ਹਲਕਾ ਹੇਠਾਂ ਦਬਾ ਦਿਓ। ਬੂਟਾ ਲਗਾਉਣ ਤੋਂ ਬਾਅਦ ਦੂਜੇ ਬੂਟੇ ਵਿਚ ਥੋੜ੍ਹੀ ਦੂਰੀ ਰੱਖੋ ਤਾਂ ਕਿ ਉਨ੍ਹਾਂ ਨੂੰ ਫੈਲਣ ਦਾ ਪੂਰਾ ਮੌਕਾ ਮਿਲ ਸਕੇ। 'ਇਨ੍ਹਾਂ ਨੂੰ ਪਾਣੀ ਦੇਣ ਲਈ ਸਪ੍ਰੇਅ ਬੋਤਲ ਦੀ ਵਰਤੋਂ ਕਰੋ ਕਿਉਂਕਿ ਸ਼ੁਰੂ ਵਿਚ ਇਨ੍ਹਾਂ ਦੀਆਂ ਜੜ੍ਹਾਂ ਬਹੁਤ ਨਾਜ਼ੁਕ ਹੁੰਦੀਆਂ ਹਨ। ਜੜੀਆਂ ਬੂਟੀਆਂ ਦਾ ਸੀਜ਼ਨ ਖ਼ਤਮ ਹੋਣ ਤੋਂ ਪਹਿਲਾਂ ਉਨ੍ਹਾਂ ਦੀਆਂ ਪੱਤੀਆਂ ਨੂੰ ਸੁਕਾ ਕੇ ਹਵਾਬੰਦ ਡੱਬੇ ਵਿਚ ਰੱਖੋ ਅਤੇ ਜ਼ਰੂਰਤ ਅਨੁਸਾਰ ਉਨ੍ਹਾਂ ਦੀ ਵਰਤੋਂ ਕਰਦੇ ਰਹੋ। ਸ਼ੀਸ਼ੀ ਜਾਂ ਡੱਬੇ ਵਿਚ ਮਾਰਕਰ ਨਾਲ ਉਨ੍ਹਾਂ ਦੀਆਂ ਪੱਤੀਆਂ ਦਾ ਨਾਂਅ ਲਿਖ ਦਿਓ ਤਾਂ ਕਿ ਕਿਸੇ ਤਰ੍ਹਾਂ ਦੀ ਭੁੱਲ ਨਾ ਹੋਵੇ।





Broadcasting
Across
North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
Sanjhe Vichaar By Amrit Bhatti 12:00-2:00 PM
The Jaskaran Show 7:00-10:00 AM
The Lovey Pannu Show 2:00-4:00 PM
Parmvir S Baath 9:00-10:00 AM
Mehak Punjab Di By Preet Goswami 4:00-5:00 PM
The Baljinder K Show 10:00 AM-12:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Kamal Aujla
Harsharan Dhaliwal
Sakatar S. Sandhu
Parmeet Kaur
Amarjit S. Sidhu
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹਨ ਲੱਖਾਂ-ਕਰੋੜਾਂ ਲੋਕ

**ਤਰਲੋਚਨ ਸਿੰਘ ਭੱਟੀ**

ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ਵ ਘੋਸ਼ਣਾ ਪੱਤਰਾਂ ਅਤੇ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਵਿਅਕਤੀ ਨੂੰ ਇਹ ਬੁਨਿਆਦੀ ਹੱਕ ਹੈ ਕਿ ਉਸ ਅਤੇ ਉਸ ਦੇ ਪਰਿਵਾਰ ਲਈ ਇਕ ਸਥਿਰ, ਸੁਰੱਖਿਅਤ ਅਤੇ ਕਾਰਜਸ਼ੀਲ ਰਿਹਾਇਸ਼ ਹੋਵੇ ਜਿੱਥੇ ਸੌਣ, ਨਹਾਉਣ-ਧੋਣ, ਖਾਣ-ਪੀਣ ਲਈ ਰਸੋਈ ਦਾ ਪ੍ਰਬੰਧ ਹੋਵੇ ਜਾਂ ਇੰਜ ਕਹਿ ਲਈਏ ਕਿ ਮਨੁੱਖ ਦੀ ਕੁੱਲੀ, ਗੁੱਲੀ, ਜੁੱਲੀ ਦੀ ਲੋੜਾਂ ਦੀ ਪੂਰਤੀ ਇਕ ਸਥਾਨ ਉੱਤੇ ਹੀ ਹੋਣ। ਦੁਨੀਆ ਦਾ ਕੋਈ ਦੇਸ਼, ਰਾਜ ਜਾਂ ਖਿੱਤਾ ਅਜਿਹਾ ਨਹੀਂ ਹੈ ਜਿੱਥੇ ਹਰੇਕ ਮਨੁੱਖ ਅਤੇ ਹਰੇਕ ਪਰਿਵਾਰ ਸਥਾਈ ਤੌਰ 'ਤੇ ਰਹਿਣ ਦਾ ਪ੍ਰਬੰਧ ਹੋਵੇ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਪੇਂਡੂ ਖੇਤਰ ਵਿਚ ਹਰੇਕ ਪੰਜਵਾਂ ਵਿਅਕਤੀ ਅਤੇ ਉਸ ਦਾ ਪਰਿਵਾਰ ਬੇਘਰਾ ਹੈ।

ਮੀਡੀਆ ਦੀਆਂ ਰਿਪੋਰਟਾਂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸਰਵੇ ਅਨੁਸਾਰ ਬੇਘਰਿਆਂ ਵਿਚ 22% ਅਨੁਸੂਚਿਤ ਜਾਤੀ ਨਾਲ ਸਬੰਧਤ ਪਰਿਵਾਰ ਹਨ। ਸੰਗਰੂਰ, ਮੋਗਾ, ਮੁਕਤਸਰ, ਬਠਿੰਡਾ, ਜਲੰਧਰ ਅਤੇ ਫਰੀਦਕੋਟ ਆਦਿ ਜ਼ਿਲ੍ਹਿਆਂ ਵਿਚ 20% ਲੋਕ ਆਪਣੇ ਰਿਸ਼ਤੇਦਾਰਾਂ ਦੇ ਘਰ ਰਹਿੰਦੇ ਹਨ, ਕਿਰਾਏ ਦੇ ਘਰਾਂ ਜਾਂ ਤੰਬੂਆਂ/ਝੌਂਪੜੀਆਂ ਵਿਚ ਰਹਿੰਦੇ ਹਨ। ਅੰਦਾਜ਼ਨ 1.6% ਲੋਕਾਂ ਦਾ ਫਲਾਈਓਵਰਾਂ, ਪੁਲਾਂ, ਪੌੜੀਆਂ, ਖੰਡਰ ਇਮਾਰਤਾਂ, ਪੂਜਾ ਅਸਥਾਨਾਂ, ਸੜਕਾਂ, ਫੁੱਟਪਾਥਾਂ ਅਤੇ ਹੋਰ ਜਨਤਕ ਥਾਵਾਂ 'ਤੇ ਰਹਿਣ ਬਸੇਰਾ ਹੈ। ਅਜਿਹੇ ਲੋਕਾਂ ਵਿਚ ਵਧੇਰੇ ਕਰਕੇ ਬੇਵਾ ਅਤੇ ਬਿਰਧ ਔਰਤਾਂ ਅਤੇ ਅੰਗਹੀਣ ਵਿਅਕਤੀ ਹੁੰਦੇ ਹਨ। ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਅਧੀਨ ਕੇਵਲ 13% ਲੋੜਵੰਦ ਪਰਿਵਾਰਾਂ ਨੂੰ ਪਿਛਲੇ ਪੰਜ ਸਾਲਾਂ ਦੌਰਾਨ ਰਹਿਣ ਲਈ ਪੱਕੇ ਮਕਾਨ ਮਿਲੇ ਹਨ। ਸਰਵੇ ਮੁਤਾਬਕ ਪੰਜਾਬ ਦੇ ਪਿੰਡਾਂ ਵਿਚ ਬੇਘਰੇ ਲੋਕਾਂ ਵਿਚ ਗ਼ਰੀਬ ਤਬਕਾ ਤੇ ਪਰਵਾਸੀ ਮਜ਼ਦੂਰ ਸ਼ਾਮਲ ਹਨ ਜਿਨ੍ਹਾਂ ਕੋਲ ਆਧਾਰ ਕਾਰਡ, ਵੋਟਰ ਕਾਰਡ, ਸ਼ਨਾਖਤੀ ਕਾਰਡ, ਡਰਾਈਵਿੰਗ ਲਾਇਸੈਂਸ ਆਦਿ ਦਸਤਾਵੇਜ਼ ਤਾਂ ਉਪਲਬਧ ਹੁੰਦੇ ਹਨ ਪਰ ਰਹਿਣ ਲਈ ਪੱਕਾ ਟਿਕਾਣਾ ਨਹੀਂ ਜਿਸ ਨੂੰ ਉਹ ਆਪਣਾ ਘਰ ਕਹਿ ਸਕਣ। ਇਹ ਵੀ ਗੱਲ ਸਾਹਮਣੇ ਆਈ ਹੈ ਕਿ 30% ਘਰਾਂ ਵਿਚ ਗੁਸਲਖਾਨੇ ਨਹੀਂ ਹਨ, 70% ਘਰਾਂ ਵਿਚ ਰਸੋਈਆਂ ਨਹੀਂ, 28% ਘਰਾਂ ਵਿਚ ਵੱਖਰਾ ਗੁਸਲਖਾਨਾ ਨਹੀਂ ਹੈ, 80% ਬਰਾਂਡੇ ਤੋਂ ਬਿਨਾਂ ਅਤੇ 10% ਘਰਾਂ ਲਈ ਪਾਣੀ ਦਾ ਕੋਈ ਸਰੋਤ ਨਹੀਂ ਹੈ। ਜ਼ਿਆਦਾਤਰ ਘਰਾਂ ਦਾ ਰਕਬਾ 5 ਮਰਲੇ ਤੋਂ ਘੱਟ ਹੈ ਅਤੇ ਅਜਿਹੇ ਘਰਾਂ ਵਿਚ 70% ਦਲਿਤ, 2% ਧਾਰਮਿਕ ਘੱਟ ਗਿਣਤੀ ਅਤੇ 28% ਹੋਰ ਲੋਕ ਇਕ ਜਾਂ ਇਕ ਤੋਂ ਵੱਧ ਪਰਿਵਾਰਾਂ ਨਾਲ ਇਕ ਘਰ ਵਿਚ ਰਹਿਣ ਲਈ ਮਜਬੂਰ ਹਨ।

ਜ਼ਿਕਰਯੋਗ ਹੈ ਕਿ ਬੇਘਰੇ ਲੋਕ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਮੌਜੂਦ ਹਨ। ਇਹ ਇਕ ਆਲਮੀ ਪੱਧਰੀ ਮਨੁੱਖੀ ਦੁਖਾਂਤ ਹੈ ਜਿਸ ਦਾ ਸਮੇਂ ਦੀਆਂ ਸਰਕਾਰਾਂ ਨੇ ਅਜੇ ਤਕ ਕੋਈ ਹੱਲ ਨਹੀਂ ਕੱਢਿਆ। ਮੁੱਢ-ਕਦੀਮ ਤੋਂ ਮਨੁੱਖ 'ਹਰੀਆਂ ਚਰਾਂਦਾਂ' ਦੀ ਭਾਲ ਵਿਚ ਇਕ ਥਾਂ ਤੋਂ ਦੂਸਰੇ ਖੇਤਰਾਂ ਵੱਲ ਵਹੀਰਾਂ ਘੱਤਦਾ ਆਇਆ ਹੈ। ਦੁਨੀਆ ਦੀਆਂ ਪ੍ਰਾਚੀਨ ਸੱਭਿਅਤਾਵਾਂ ਦਾ ਇਤਿਹਾਸ ਫਰੋਲਣ 'ਤੇ ਪਤਾ ਲੱਗਦਾ ਹੈ ਕਿ ਲੋਕ ਬਿਹਤਰ ਸੁੱਖ-ਸਹੂਲਤਾਂ ਦੀ ਤਲਾਸ਼ ਵਿਚ ਸਮੁੰਦਰਾਂ ਜਾਂ ਦਰਿਆਵਾਂ ਦੇ ਕਿਨਾਰਿਆਂ 'ਤੇ ਵਸ ਗਏ ਤੇ ਹੌਲੀ-ਹੌਲੀ ਉਹ ਥਾਵਾਂ ਮਹਾਨਗਰਾਂ ਵਿਚ ਤਬਦੀਲ ਹੋ ਗਈਆਂ। ਭਾਰਤ ਵਿਸ਼ਾਲ ਦੇਸ਼ ਹੋਣ ਦੇ ਬਾਵਜੂਦ ਇਹ ਮੁੱਢਲੀਆਂ ਸਹੂਲਤਾਂ ਤੋਂ ਸੱਖਣਾ ਹੈ।



ਭਾਰਤ ਦੇ 78 ਮਿਲੀਅਨ ਲੋਕ ਅਤੇ ਦੁਨੀਆ ਦੇ 17% ਲੋਕ ਭਾਰਤ ਵਿਚ ਝੁੱਗੀਆਂ ਵਿਚ ਰਹਿੰਦੇ ਹਨ। ਜੇਕਰ ਵੱਖ-ਵੱਖ ਰਾਜਾਂ ਦੇ ਬੇਘਰਿਆਂ ਦੀ ਗੱਲ ਕੀਤੀ ਜਾਵੇ ਤਾਂ ਬਹੁਤ ਰਾਜਾਂ ਦੀ ਕੁੱਲ ਆਬਾਦੀ ਦਾ ਵੱਡਾ ਹਿੱਸਾ ਅਜੇ ਵੀ ਬੇਘਰ ਹੋਣ ਦੀ ਸਮੱਸਿਆ ਨਾਲ ਉਲਝਿਆ ਪਿਆ ਹੈ। ਉੱਤਰ ਪ੍ਰਦੇਸ਼ ਵਿਚ ਆਬਾਦੀ ਦਾ 18.56% , ਮਹਾਰਾਸ਼ਟਰ 'ਚ 8.26%, ਰਾਜਸਥਾਨ 'ਚ 10.24%, ਪੱਛਮੀ ਬੰਗਾਲ 'ਚ 7.56%, ਦਿੱਲੀ 'ਚ 2.66% ਬਿਹਾਰ 'ਚ 2.57%, ਓਡੀਸ਼ਾ 'ਚ 1.92%, ਛੱਤੀਸਗੜ੍ਹ 'ਚ 1.37%, ਤਾਮਿਲਨਾਡੂ 'ਚ 2.87%, ਝਾਰਖੰਡ 'ਚ 1.32%, ਜੰਮੂ-ਕਸ਼ਮੀਰ 'ਚ 1.07%, ਪੰਜਾਬ 'ਚ 2.63% ਆਬਾਦੀ ਬੇਘਰਿਆਂ ਦੀ ਹੈ। ਭਾਰਤ ਦੇ ਲਗਪਗ 18 ਲੱਖ ਪਰਿਵਾਰ ਬੇਘਰੇ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਹਿਰੀ ਖੇਤਰ ਨਾਲ ਸਬੰਧਤ ਹਨ। ਪੰਜਾਬ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਰਾਜ ਹੋਣ ਕਰਕੇ ਖੇਤੀਬਾੜੀ ਤੋਂ ਇਲਾਵਾ ਪਸ਼ੂ ਪਾਲਣ ਅਤੇ ਡੇਅਰੀ ਦੇ ਧੰਦਿਆਂ ਦੀ ਰਾਜ ਦੀ ਖ਼ੁਸ਼ਹਾਲੀ ਵਿਚ ਵਿਸ਼ੇਸ਼ ਭੂਮਿਕਾ ਹੈ। ਪੰਜਾਬ ਦੇ ਲੋਕਾਂ ਦੇ ਨਾਲ-ਨਾਲ ਮਾਲ-ਡੰਗਰਾਂ ਦੀ ਵੀ ਗੱਲ ਕਰਨੀ ਬਣਦੀ ਹੈ। ਪੰਜਾਬ 'ਚ ਜਿੱਥੇ ਕਾਫ਼ੀ ਲੋਕ ਬੇਘਰੇ ਹਨ ਉੱਥੇ ਹੀ ਮਾਲ ਡੰਗਰ ਜਿਨ੍ਹਾਂ ਵਿੱਚੋਂ ਮੱਝਾਂ, ਗਊਆਂ, ਬੱਕਰੀਆਂ, ਭੇਡਾਂ, ਸੂਰ, ਕੁੱਕੜੀਆਂ, ਬਿੱਲੀਆਂ, ਕੁੱਤੇ ਆਦਿ ਬੇਘਰੇ ਜਾਂ ਇੰਜ ਕਹਿ ਲਓ ਅਵਾਰਾ ਹਨ ਜੋ ਪੰਜਾਬ ਲਈ ਇਕ ਵੱਡੀ ਚੁਣੌਤੀ ਹੈ। ਖ਼ਾਸ ਤੌਰ 'ਤੇ ਉਸ ਹਾਲਾਤ ਵਿਚ ਜਦੋਂ ਕੁੱਲ ਖੇਤੀਬਾੜੀ ਆਮਦਨ ਦਾ 26% ਹਿੱਸਾ ਪਸ਼ੂ ਪਾਲਣ, ਡੇਅਰੀ ਫਾਰਮਿੰਗ ਅਤੇ ਮੱਛੀ ਪਾਲਣ ਧੰਦਿਆਂ ਤੋਂ ਆਉਂਦਾ ਹੈ। ਪੱਛਮੀ ਦੇਸ਼ਾਂ ਵਿਚ ਪਾਲਤੂ ਕੁੱਤਿਆਂ ਨੂੰ ਪਰਿਵਾਰਕ ਮੈਂਬਰ ਮੰਨਿਆ ਜਾਂਦਾ ਹੈ ਪਰ ਭਾਰਤ ਵਿਚ ਅਤੇ ਖ਼ਾਸ ਤੌਰ 'ਤੇ ਪੰਜਾਬ ਵਿਚ ਅਜਿਹਾ ਵਰਤਾਰਾ ਨਹੀਂ ਹੈ। ਅਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਕਾਰਨ ਵਾਤਾਵਰਨ ਪ੍ਰਦੂਸ਼ਣ, ਸੜਕੀ ਹਾਦਸਿਆਂ ਅਤੇ ਕੁੱਤਿਆਂ ਦੇ ਕੱਟਣ ਨਾਲ ਹਲਕਾਅ ਜਿਹੀਆਂ ਬਿਮਾਰੀਆਂ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ। ਅਵਾਰਾ ਕੁੱਤਿਆਂ ਤੋਂ ਇਲਾਵਾ ਅਵਾਰਾ ਮੱਝਾਂ, ਗਊਆਂ, ਸੂਰ, ਖੋਤੇ, ਖੱਚਰਾਂ, ਘੋੜੇ-ਘੋੜੀਆਂ, ਬਿੱਲੀਆਂ, ਬਿੱਲੇ ਆਦਿ ਵੀ ਜਾਨਵਰਾਂ ਦੀ ਅਵਾਰਾ ਭੀੜ ਵਿਚ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਮੱਛੀ ਪਾਲਣ ਮੰਤਰਾਲਾ, ਭਾਰਤ ਸਰਕਾਰ ਵੱਲੋਂ ਭਾਰਤ ਵਿਚ ਸਮੇਂ-ਸਮੇਂ ਪਸ਼ੂ-ਧਨ ਦੀ ਗਣਨਾ ਕਰਵਾਈ ਜਾਂਦੀ ਹੈ। ਪਹਿਲੀ ਗਣਨਾ 1919 ਵਿਚ ਕੀਤੀ ਗਈ ਅਤੇ ਹੁਣ ਤਾਜ਼ਾ 20ਵੀਂ ਪਸ਼ੂ ਗਣਨਾ ਸਾਰੇ ਭਾਰਤ ਵਿਚ ਰਾਜ ਸਰਕਾਰਾਂ ਤੇ ਯੂਟੀਜ਼ ਪ੍ਰਸ਼ਾਸਨ ਦੀ ਮਦਦ ਨਾਲ ਕਰਵਾਈ ਗਈ। ਸੋਲਾਂ ਅਕਤੂਬਰ 2019 ਨੂੰ ਜਾਰੀ ਰਿਪੋਰਟ ਦੇ ਅੰਕੜਿਆਂ ਅਨੁਸਾਰ ਭਾਰਤ ਵਿਚ 535.78 ਮਿਲੀਅਨ ਮਾਲ ਡੰਗਰ ਹਨ ਜੋ 2012 ਵੇਲੇ ਦੀ ਗਣਨਾ ਸਮੇਂ ਦੇ ਅੰਕੜਿਆਂ ਵਿਚ 4.6% ਵਾਧਾ ਹੋਇਆ ਹੈ।

ਮੱਝਾਂ ਦਾ 20.54%, ਭੇਡਾਂ ਦਾ 27.80%, ਬੱਕਰੀਆਂ ਦਾ 13.87%, ਸੂਰਾਂ ਦਾ 1.69% ਅਤੇ ਮਾਲ-ਡੰਗਰ ਵਿਚ 35.94% ਦਾ ਵਾਧਾ ਹੋਇਆ ਹੈ। ਸਭ ਤੋਂ ਵੱਡੇ ਮਾਲ-ਡੰਗਰ ਵਾਲੇ ਰਾਜ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਪੱਛਮੀ ਬੰਗਾਲ, ਅਸਾਮ, ਓਡੀਸ਼ਾ, ਛੱਤੀਸਗੜ੍ਹ, ਝਾਰਖੰਡ ਅਤੇ ਬਿਹਾਰ ਹਨ। ਮਰਦਮਸ਼ੁਮਾਰੀ ਵਿਚ ਮੱਝਾਂ, ਯਾਕ, ਭੇਡਾਂ, ਬੱਕਰੀਆਂ, ਗਊਆਂ, ਸੂਰ, ਘੋੜੇ, ਟੱਟੂ, ਖੱਚਰਾਂ, ਗਧੇ, ਕੁੱਤੇ, ਖਰਗੋਸ਼, ਮੁਰਗੀਆਂ, ਬੱਤਖਾਂ, ਇਮੂ, ਟਰਕੀ ਆਦਿ ਦੀ ਗਣਨਾ ਉਨ੍ਹਾਂ ਦੀ ਉਮਰ ਅਤੇ ਲਿੰਗ ਅਨੁਸਾਰ ਕੀਤੀ ਗਈ ਹੈ। ਕਾਬਿਲੇਗ਼ੌਰ ਹੈ ਕਿ 6.6 ਲੱਖ ਪਿੰਡਾਂ, 89069 ਸ਼ਹਿਰੀ ਵਾਰਡਾਂ, 27 ਕਰੋੜ ਘਰੇਲੂ ਘਰਾਂ, ਸਰਕਾਰੀ ਵਿਭਾਗਾਂ ਅਤੇ ਹੋਰ ਅਦਾਰਿਆਂ ਨੂੰ ਗਣਨਾ ਵਿਚ ਸ਼ਾਮਲ ਕੀਤਾ ਗਿਆ ਹੈ। ਗਣਨਾ ਦੇ ਅੰਕੜਿਆਂ ਅਨੁਸਾਰ ਭਾਰਤ ਵਿਚ 534.74 ਮਿਲੀਅਨ ਪਸ਼ੂ ਧਨ ਹਨ। ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋਂ ਭਾਰਤ ਸਰਕਾਰ ਦੁਆਰਾ 20ਵੀਂ ਪਸ਼ੂ ਧਨ ਗਣਨਾ ਦੀ ਪੰਜਾਬ ਰਾਜ ਨਾਲ ਸਬੰਧਤ ਅੰਕੜਾ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ 2531460 ਕੁੱਲ ਮਾਲ ਡੰਗਰ ਹਨ ਜਿਨ੍ਹਾਂ ਵਿੱਚੋਂ 52961 ਸੂਰ, 347949 ਮਾਦਾ ਤੇ ਨਰ ਭੇਡਾਂ ਅਤੇ 4015947 ਮੱਝਾਂ/ਝੋਟੇ ਹਨ। ਭਾਰਤ ਦੇ ਸੰਵਿਧਾਨ ਵਿਚ ਭਾਗ ਚਾਰ 'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ' ਅਨੁਸਾਰ ਸਮੇਂ ਦੀਆਂ ਸਰਕਾਰਾਂ ਯਕੀਨੀ ਬਣਾਉਣ ਦਾ ਯਤਨ ਕਰਨਗੀਆਂ ਕਿ ਸਭ ਨਾਗਰਿਕਾਂ ਨੂੰ ਰੋਜ਼ੀ-ਰੋਟੀ ਕਮਾਉਣ ਦੇ ਚੋਖੇ ਸਾਧਨ ਮਿਲਣ। ਰਾਜ ਖੇਤੀ ਅਤੇ ਪਸ਼ੂ ਪਾਲਣ ਨੂੰ ਆਧੁਨਿਕ ਲੀਹਾਂ ਅਤੇ ਵਿਗਿਆਨਕ ਲੀਹਾਂ ਉੱਤੇ ਪਾਉਣ ਲਈ ਯਤਨਸ਼ੀਲ ਰਹੇਗਾ, ਗਊਆਂ ਅਤੇ ਵੱਛਿਆਂ ਅਤੇ ਹੋਰ ਦੁਧਾਰੂ ਅਤੇ ਢੁਆਈ ਵਾਲੇ ਜਾਨਵਰਾਂ ਦੀਆਂ ਨਸਲਾਂ ਦੀ ਕਾਇਮੀ ਤੇ ਸੁਧਾਰ ਕਰੇਗਾ, ਉਨ੍ਹਾਂ ਦੀਆਂ ਹੱਤਿਆਵਾਂ ਨੂੰ ਰੋਕੇਗਾ, ਰਾਜ ਦੇ ਵਾਤਾਵਰਨ ਦੀ ਹਿਫ਼ਾਜ਼ਤ ਅਤੇ ਬਿਹਤਰੀ ਲਈ ਕੰਮ ਕਰੇਗਾ ਅਤੇ ਵਣਾਂ ਤੇ ਵਣ ਜੀਵਾਂ ਦੀ ਸੁਰੱਖਿਆ ਲਈ ਉੱਦਮ ਕਰੇਗਾ।

ਮੂਲ ਕਰਤੱਵਾਂ ਵਾਲੇ ਭਾਗ ਚਾਰ (?) ਰਾਹੀਂ ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਪਾਬੰਦ ਕਰਦਾ ਹੈ ਕਿ ਉਹ ਮੂਲ ਕਰਤੱਵਾਂ ਦੀ ਪਾਲਣਾ ਹਿੱਤ ਸੰਵਿਧਾਨ ਦੀ ਪਾਲਣਾ ਕਰੇ, ਉਸੇ ਆਦਰਸ਼ਾਂ ਸੰਸਥਾਵਾਂ, ਕੌਮੀ ਝੰਡਾ ਅਤੇ ਕੌਮੀ ਗੀਤ ਦਾ ਆਦਰ ਕਰੇ। ਕੁਦਰਤੀ ਵਾਤਾਵਰਨ ਜਿਸ ਵਿਚ ਵਣ, ਦਰਿਆ ਅਤੇ ਵਣ ਜੀਵਨ ਸ਼ਾਮਲ ਹੈ, ਦੀ ਰੱਖਿਆ ਕਰੇ ਤੇ ਜਾਨਦਾਰ ਜੰਤੂਆਂ 'ਤੇ ਦਇਆ ਕਰਨੀ, ਲੋਕ ਸੰਪਤੀ ਨੂੰ ਸੁਰੱਖਿਅਤ ਰੱਖਣਾ ਅਤੇ ਹਿੰਸਾ ਤੋਂ ਗੁਰੇਜ਼ ਕਰਨਾ ਆਦਿ। ਦੇਖਣਾ ਹੋਵੇਗਾ ਕਿ ਸਮੇਂ ਦੀਆਂ ਸਰਕਾਰਾਂ ਅਤੇ 'ਅਸੀਂ, ਭਾਰਤ ਦੇ ਲੋਕ' ਬੇਘਰੇ ਲੋਕਾਂ ਅਤੇ ਫਾਲਤੂ ਸਮਝ ਕੇ ਦਰਕਿਨਾਰ ਕੀਤੇ ਅਵਾਰਾ ਜਾਨਵਰਾਂ ਬਾਰੇ ਕਿਹੜਾ ਰਵੱਈਆ ਅਪਨਾਉਂਦੇ ਹਾਂ ਜੋ ਪੰਜਾਬ ਦੇ ਲੋਕਾਂ ਦੀ ਸਿਹਤ ਅਤੇ ਭਵਿੱਖ ਨੂੰ ਸੁਰੱਖਿਅਤ ਰੱਖ ਸਕੇ।

SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**UNIT 2808 13615 FRASER HWY**





Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਗੁਰੂ ਅਰਜਨ ਦੇਵ ਜੀ ਜੀਵਨ ਤੇ ਸ਼ਹਾਦਤ

ਸ੍ਰੀ ਗੁਰੂ ਅਰਜਨ ਦੇਵ ਜੀ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਪੁੱਤਰ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ ਵਿਖੇ ਹੋਇਆ। ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੇਤਾ, ਬਾਣੀ ਦੇ ਬੋਹਿਥ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਰਚੇਤਾ, ਨਾਮ ਬਾਣੀ ਵਿਚ ਵਿਲੀਨ, ਹਰਿਮੰਦਰ ਸਾਹਿਬ ਤੇ ਤਰਨਤਾਰਨ ਸਾਹਿਬ ਦੇ ਸਿਰਜਣਹਾਰੇ-ਸ੍ਰੀ ਗੁਰੂ ਅਰਜਨ ਦੇਵ ਜੀ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਪੁੱਤਰ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ ਵਿਖੇ ਹੋਇਆ। ਇਨ੍ਹਾਂ ਦੀ ਮਾਤਾ ਬੀਬੀ ਭਾਨੀ ਗੁਰੂ ਅਮਰਦਾਸ ਦੀ ਬੇਟੀ ਸਨ। ਗੁਰੂ ਅਰਜਨ ਸਾਹਿਬ ਦੇ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਸਨ।



ਗੁਰੂ ਅਰਜਨ ਦੇਵ, ਬ੍ਰਹਮ ਗਿਆਨੀ ਅਵਸਥਾ ਵਾਲੇ, ਧੀਰਜਵਾਨ, ਨਿਮਰ, ਆਤਮ ਰਸੀਏ, ਦਿਆਲੂ, ਸਮਦਰਸੀ ਤੇ "ਬ੍ਰਹਮ ਗਿਆਨੀ ਆਪਿ ਪ੍ਰਮੇਸੁਰ" ਸਰੂਪ ਸਨ। ਗੁਰੂ ਅਰਜਨ ਸਾਹਿਬ ਦੀ ਰੱਬੀ ਸ਼ਖ਼ਸੀਅਤ ਦੇ ਦਰਸ਼ਨਾਂ ਦੀ ਝਲਕ, ਭੱਟਾਂ ਦੇ ਸਵਯਾਂ ਵਿਚੋਂ ਵੇਖਣ ਨੂੰ ਮਿਲਦੀ ਹੈ। ਭੱਟ ਬਾਣੀ ਵਿਚ ਗੁਰੂ ਸਾਹਿਬ ਨੂੰ "ਪਰਤਖੁ ਹਰਿ" ਕਿਹਾ ਗਿਆ ਹੈ। ਗੁਰੂ ਸਾਹਿਬ ਦੀ ਇਹੋ ਜਹੀ ਸ਼ਖ਼ਸੀਅਤ ਸੀ ਜਿਨ੍ਹਾਂ ਦੀ ਤਕਣੀ ਨਾਲ ਪਾਪਾਂ ਦਾ ਨਾਸ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਸੀ।

ਅਪਣੇ ਬੱਚਿਆਂ ਨੂੰ ਪਰਖਣ ਲਈ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਹੈ ਤੇ ਪ੍ਰਿਥੀ ਚੰਦ ਉਥੇ ਚਲੇ ਜਾਣ। ਉਹ ਕਹਿਣ ਲੱਗੇ ਕਿ ਮੈਂ ਕਿਵੇਂ ਜਾ ਸਕਦਾ ਹਾਂ ਕਿਉਂਕਿ ਇਥੇ ਬਹੁਤ ਜ਼ਿੰਮੇਵਾਰੀਆਂ ਹਨ। ਅਸਲ ਡਰ ਉਸ ਨੂੰ ਇਹ ਸੀ ਕਿ ਅਰਜਨ ਦੇਵ ਜੀ ਨੂੰ ਕਿਤੇ ਉਸ ਦੀ ਗ਼ੈਰ ਹਾਜ਼ਰੀ ਵਿਚ ਗੁਰਗੱਦੀ ਨਾ ਮਿਲ ਜਾਵੇ। ਗੁਰੂ ਅਰਜਨ ਪਾਤਸ਼ਾਹ ਛੋਟੇ ਸਨ। ਉਹ ਗੁਰੂ ਰਾਮਦਾਸ ਜੀ ਨੂੰ ਜਾਣ ਲਈ ਨਾਂਹ ਨਾ ਕਰ ਸਕੇ ਤੇ ਨੇਤਰਾਂ ਵਿਚ ਅੱਥਰੂ ਆ ਗਏ-ਪਰ ਕਹਿਣ ਲੱਗੇ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜਿਊਣਾ ਔਖਾ ਹੈ:

"ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ।" (ਪੰਨਾ 708)

ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਹੋਰ ਆਗਿਆ ਕੀਤੀ ਕਿ ਉਥੇ ਰਹਿ ਕੇ ਸਤਿਸੰਗ ਕਰਨਾ ਹੈ ਤੇ ਤੀਜੀ ਗੱਲ ਹੈ ਕਿ ਜਦ ਤਕ ਅਸੀਂ ਨਾ ਬੁਲਾਈਏ, ਤਦ ਤਕ ਵਾਪਸ ਨਹੀਂ ਆਉਣਾ। ਸੋ ਇਸੇ ਤਰ੍ਹਾਂ ਹੁਕਮਾਂ ਦੀ ਤਾਮੀਲ ਹੋਈ। ਅਰਜਨ ਦੇਵ ਜੀ ਨੂੰ ਉਡੀਕਦੇ-ਉਡੀਕਦੇ ਇਕ ਸਾਲ ਹੋ ਗਿਆ। ਆਪ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਨੂੰ ਦੋ ਚਿਠੀਆਂ ਲਿਖ ਕੇ ਭੇਜੀਆਂ, ਜਿਹੜੀਆਂ ਪ੍ਰਿਥੀ ਚੰਦ ਨੇ ਰੱਖ ਲਈਆਂ ਤੇ ਗੁਰੂ ਰਾਮਦਾਸ ਤਕ ਪਹੁੰਚਣ ਹੀ ਨਾ ਦਿਤੀਆਂ। ਤੀਜੀ ਚਿੱਠੀ ਦੇ ਕੇ ਸਿੱਖ ਨੂੰ ਤਾਕੀਦ ਕੀਤੀ ਕਿ ਖ਼ੁਦ ਗੁਰੂ ਰਾਮਦਾਸ ਜੀ ਨੂੰ ਚਿੱਠੀ ਦੇਣੀ ਹੈ। ਬਿਰਹੋ ਦੀ ਹਾਲਤ ਨੂੰ ਚੌਥੇ ਪਾਤਸ਼ਾਹ ਨੇ ਵਾਚਿਆ :

ਇਕ ਘੜੀ ਨਾ ਮਿਲਤੇ ਹਾਂ ਕਲਜੁਗੁ ਹੋਤਾ।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ। (ਪੰਨਾ 97)

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਗੁਰਗੱਦੀ ਦਾ ਭਾਰ ਤਾਂ ਉਹੀ ਸੰਭਾਲ ਸਕਦਾ ਹੈ ਜਿਸ ਵਿਚ ਧੀਰਜ ਤੇ ਨਿਮਰਤਾ ਹੋਵੇ। ਬਾਬਾ ਬੁੱਢਾ ਜੀ, ਪੰਜ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਤੋਂ ਅਰਜਨ ਦੇਵ ਜੀ ਨੂੰ ਲੈ ਆਏ ਤੇ ਸਿੱਖੀ ਮਰਯਾਦਾ ਅਨੁਸਾਰ ਉਨ੍ਹਾਂ ਨੂੰ ਤਿਲਕ ਲਗਾਇਆ। ਕੇਵਲ ਦੋ ਦਿਨ ਗੁਰੂ ਰਾਮਦਾਸ ਜੀ, ਅੰਮ੍ਰਿਤਸਰ ਰਹਿ ਕੇ ਤੀਜੇ ਦਿਨ ਗੁਰੂ ਅਰਜਨ ਦੇਵ ਜੀ ਨਾਲ ਗੋਇੰਦਵਾਲ ਸਾਹਿਬ ਆ ਗਏ ਤੇ ਫਿਰ ਉਸੇ ਦਿਨ ਉਥੇ ਜੋਤੀ ਜੋਤ ਸਮਾ ਗਏ।

ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾ ਪ੍ਰਿਥੀ ਚੰਦ ਵਲੋਂ ਰਜਵੀਂ ਵਿਰੋਧਤਾ ਹੋਈ ਪਰ ਆਪ ਸ਼ਾਂਤ ਸੁਭਾਅ ਵਾਲੇ ਪੂਰੀ ਨਿਮਰਤਾ ਵਿਚ ਰਹੇ। ਸ੍ਰੀ ਹਰਿਮੰਦਰ ਸਾਹਿਬ ਵਿਚ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਪੰਨ ਹੋ ਗਿਆ ਤੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਮਾਨ ਹੋਇਆ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ, ਹਿੰਦੂ ਭਗਤਾਂ ਤੇ ਮੁਸਲਮਾਨ ਫ਼ਕੀਰਾਂ ਦੀ ਰਚਨਾ ਨੂੰ ਸੰਮਿਲਤ ਕਰਨਾ ਲੋਕਾਂ ਲਈ ਅਜੀਬ ਘਟਨਾ ਸੀ। ਪੰਜਵੇਂ ਗੁਰੂ ਸਾਹਿਬ ਨੇ ਆਪ ਰੱਬੀ ਪਿਆਰ ਵਿਚ ਮਖ਼ਮੂਰ ਰਹਿੰਦੇ ਸਨ, ਜਿਹੜੀ ਗੱਲ ਬਾਣੀ ਵਿਚੋਂ ਭਲੀ ਭਾਂਤ ਪ੍ਰਗਟ ਹੁੰਦੀ ਹੈ।

1430 ਅੰਗਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ 5 ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚੋਂ 15 ਭਗਤਾਂ ਸੰਤਾਂ, ਸੂਫ਼ੀ ਫ਼ਕੀਰਾਂ ਤੇ 11 ਭੱਟਾਂ ਦੀ ਰਚਨਾ ਵੱਖ-ਵੱਖ ਰਾਗਾਂ ਵਿਚ ਸੰਮਿਲਤ ਕਰ ਕੇ ਸਰਬ ਮਨੁੱਖਤਾ ਦੇ ਸਾਡੇ ਧਾਰਮਕ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ ਹੈ। ਮਨੁੱਖੀ ਭਾਈਚਾਰੇ ਦੀ ਬਰਾਬਰੀ, ਸਾਂਝੀਵਾਲਤਾ ਤੇ ਪ੍ਰਸਪਰ ਪਿਆਰ ਦੀ ਵਜ੍ਹਾ ਕਰ ਕੇ ਹਿੰਦੂ ਭਾਈਚਾਰੇ ਵਿਚ ਸਾਂਝ ਲਿਆਂਦੀ ਤੇ ਮੁਸਲਿਮ ਭਾਈਚਾਰੇ ਨਾਲ ਨਫ਼ਰਤ ਘਟੀ। ਸੂਫ਼ੀ ਫ਼ਕੀਰ ਹਜ਼ਰਤ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖ ਕੇ ਇਸ ਸਾਂਝੀਵਾਲਤਾ ਨੂੰ ਹੋਰ ਪਰਪੱਕ ਕੀਤਾ।

ਮੌਲਵੀਆਂ ਤੇ ਕਾਜ਼ੀਆਂ ਨੇ ਜੋ ਇਸਲਾਮ ਦਾ ਬੋਲਬਾਲ ਚਾਹੁੰਦੇ ਸਨ, ਉਨ੍ਹਾਂ ਨੂੰ ਅਕਬਰ ਦੀ ਉਦਾਰਵਾਦੀ ਨੀਤੀ ਬਿਲਕੁਲ ਪਸੰਦ ਨਹੀਂ ਸੀ ਤੇ ਉਹ ਸ਼ਹਿਜ਼ਾਦਾ ਖ਼ੁਸਰੋ ਨੂੰ ਵੀ ਪਸੰਦ ਨਹੀਂ ਕਰਦੇ ਸਨ। ਗੁਰੂ ਅਰਜਨ ਸਾਹਿਬ ਉਪਰ ਖ਼ੁਸਰੋ ਦੀ ਮਦਦ ਦਾ ਇਲਜ਼ਾਮ ਲਗਾਇਆ ਗਿਆ ਤੇ ਇਹ ਸਾਜ਼ਸ਼ ਘੜੀ ਗਈ ਕਿ ਗੁਰੂ ਅਰਜਨ ਸਾਹਿਬ ਨੇ ਸ਼ਹਿਜ਼ਾਦਾ ਖ਼ੁਸਰੋ ਨੂੰ ਪਨਾਹ ਦਿੱਤੀ ਤੇ ਉਸ ਦੀਆਂ ਫ਼ੌਜਾਂ ਨੂੰ ਲੰਗਰ ਛਕਾਇਆ ਹੈ। ਅਕਬਰ ਦੇ ਰਾਜ ਵਿਚ ਵੀ ਸ਼ਿਕਾਇਤਾਂ ਹੁੰਦੀਆਂ ਰਹੀਆਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਪੀਰਾਂ, ਪੈਗੰਬਰਾਂ, ਸ਼ਸਤਰਾਂ ਤੇ ਕੁਰਾਨ ਸ਼ਰੀਫ਼ ਦੀ ਨਿੰਦਿਆ ਕੀਤੀ ਗਈ ਹੈ। ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਫਿਰ ਉਬਲਦੇ ਪਾਣੀ ਦੀ ਦੇਗ ਵਿਚ ਉਬਾਲ ਕੇ ਬਾਅਦ ਵਿਚ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ। ਇਹ ਸੱਭ ਤਸੀਹੇ ਵੀ ਗੁਰੂ ਸਾਹਿਬ ਨੂੰ ਅਪਣੇ ਆਦਰਸ਼ ਤੋਂ ਪਾਸੇ ਨਾ ਹਟਾ ਸਕੇ ਤੇ ਆਪ ਸ਼ਹਾਦਤ ਪਾ ਗਏ ਤੇ ਬਾਬਾ ਨਾਨਕ ਸਾਹਿਬ ਦੀ ਦਰਸਾਈ ਵਿਚਾਰ ਪ੍ਰੰਪਰਾ ਹੋਰ ਗੌਰਵਮਈ ਤੇ ਸ਼ਕਤੀਸ਼ਾਲੀ ਬਣ ਗਈ। ਪੰਚਮ ਪਾਤਸ਼ਾਹ ਨੂੰ ਇਹ ਸਾਰੀਆਂ ਸਜ਼ਾਵਾਂ ਭੁਲੜ ਤੇ ਈਰਖਾਵਾਦੀ ਚੰਦੂ ਦੀ ਦੇਖ ਰੇਖ ਵਿਚ ਦਿੱਤੀਆਂ ਗਈਆਂ। ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਖ਼ੁਦ ਸ਼ਹੀਦੀ ਦੇ ਕੇ ਉਹ ਸਿੱਖ ਕੌਮ ਵਿਚ ਪਹਿਲੇ ਸ਼ਹੀਦਾਂ ਦਾ ਸਿਰਤਾਜ ਬਣੇ ਤੇ ਇਸ ਤੋਂ ਮਗਰੋਂ ਹੋਰ ਸ਼ਹੀਦੀਆਂ ਦੀ ਪ੍ਰੰਪਰਾ ਚਲਦੀ ਰਹੀ।


Bottle Depot for Sale

Return-It

Asking Price $890,000

Looking for a safe, stable, easy business in Surrey?

Bottle Depot is the ONE.

Easy to Start.
No 'Demo' Clause.
Clear Financial Statement.
A lot of regular customers.

Contact Young Cho for more Info.
Email: young.realtor.bc@gmail.com
Phone: 604.317.5304

Sutton West Coast Realty

YC
Young Cho 조영범
Realtor®
Business/Residential

JC Optical & Hearing
#109-12565 88 AVE., SURREY
778-564-1020
JCOPTICALANDHEARING.COM
OPEN 7 DAYS A WEEK

VOTED #1 CLINIC IN SURREY



JASON CHEEMA
BC, HIP, RO
Board Certified in
Hearing Instrument Sciences






$995
FOR A SET OF HEARING AIDS

• Swiss Engineered Hearing Technology
• Any Style - Any Color
• Full 3 year warranty
• 3 Years of Batteries Included
• 100% Money Back Guarantee

INTEREST-FREE PAYMENT PLANS AVAILABLE

GRAND OPENING OFFER
33% OFF
ON SELECTED ITEMS. PLEASE CHECK IN STORE.

PROUDLY SERVING FROM NEW LOCATION
#B140 3122 Mount Lehman Rd, High Street Shopping Centre, Abbotsford | PH: 604.625.7398

*Offer valid until quantity last.




# ਛਾਤੀ ਵਿਚ ਭਾਰਾਪਣ ਹੋਣਾ ਗੰਭੀਰ ਸੰਕੇਤ

ਛਾਤੀ ਵਿੱਚ ਭਾਰਾਪਨ ਯਾਨੀ ਅਜਿਹਾ ਮਹਿਸੂਸ ਹੋਣਾ ਜਿਵੇਂ ਛਾਤੀ ਉੱਤੇ ਕੋਈ ਭਾਰੀ ਚੀਜ਼ ਰੱਖੀ ਹੋਵੇ, ਇਹ ਗੰਭੀਰ ਸੰਕੇਤ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਛਾਤੀ ਵਿੱਚ ਹੋਣ ਵਾਲੀ ਕਿਸੇ ਵੀ ਅਨੁਭਵ ਚਾਹੇ ਉਹ ਭਾਰਾਪਨ ਹੋਵੇ, ਦਰਦ ਹੋਵੇ ਜਾਂ ਜਕੜਨ, ਸਾਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਦਰਅਸਲ ਛਾਤੀ ਦੇ ਹਿੱਸੇ ਵਿੱਚ ਸਾਡੇ ਸਰੀਰ ਦੇ 3 ਸਭ ਤੋਂ ਮਹੱਤਵਪੂਰਨ ਅੰਗ ਹੁੰਦੇ ਹਨ, ਹਿਰਦਾ, ਫੇਫੜੇ ਅਤੇ ਖਾਣੇ ਦੀ ਨਲੀ। ਇਨ੍ਹਾਂ ਤਿੰਨਾਂ ਵਿੱਚ ਹੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰਨਾ ਕਈ ਵਾਰ ਖਤਰਨਾਕ ਸਥਿਤੀਆਂ ਪੈਦਾ ਕਰ ਸਕਦਾ ਹੈ। ਆਮਤੌਰ 'ਤੇ ਜਦੋਂ ਕਿਸੇ ਵਿਅਕਤੀ ਨੂੰ ਛਾਤੀ ਵਿੱਚ ਤੇਜ਼ ਦਰਦ ਜਾਂ ਜਕੜਨ ਮਹਿਸੂਸ ਹੁੰਦੀ ਹੈ ਤਾਂ ਉਸ ਨੂੰ ਹਾਰਟ ਅਟੈਕ ਨਾਲ ਜੋੜਿਆ ਜਾਂਦਾ ਹੈ, ਜੋ ਕਿ ਇੱਕ ਮੈਡੀਕਲ ਐਮਰਜੈਂਸੀ ਹਾਲਤ ਹੈ। ਜੇਕਰ ਛਾਤੀ ਵਿੱਚ ਦਰਦ ਦੇ ਨਾਲ ਨਾਲ ਸਾਂਹ ਲੈਣ ਵਿੱਚ ਪ੍ਰੇਸ਼ਾਨੀ, ਧੜਕਣ ਤੇਜ਼ ਹੋਣਾ ਅਤੇ ਮੋਢੇ, ਜਬੜੇ ਜਾਂ ਗਰਦਨ ਵਿੱਚ ਦਰਦ ਵਰਗੀ ਸਮੱਸਿਆ



ਹੁੰਦੀ ਹੈ ਤਾਂ ਇਹ ਹਾਰਟ ਅਟੈਕ ਦੇ ਪੂਰਵ ਲੱਛਣ ਹੋ ਸਕਦੇ ਹਨ। ਪਰ ਕਈ ਵਾਰ ਹੋਰ ਲੱਛਣਾਂ ਦੇ ਕਾਰਨ ਛਾਤੀ ਵਿੱਚ ਭਾਰਾਪਨ ਮਹਿਸੂਸ ਹੁੰਦਾ ਹੈ, ਅਜਿਹਾ ਜਿਵੇਂ ਕੋਈ ਭਾਰੀ ਚੀਜ਼ ਛਾਤੀ ਉੱਤੇ ਰੱਖ ਦਿੱਤੀ ਗਈ ਹੈ ਜਾਂ ਕਿਸੇ ਤਰ੍ਹਾਂ ਦਾ ਦਬਾਅ ਪੈ ਰਿਹਾ ਹੈ। ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਅਤੇ ਜਾਣਨ ਵਾਲੀਆਂ ਵਿੱਚ ਕਿਸੇ ਵਿਅਕਤੀ ਨੂੰ ਅਕਸਰ ਛਾਤੀ ਵਿੱਚ ਭਾਰਾਪਨ ਦੀ ਸਮੱਸਿਆ ਹੁੰਦੀ ਹੈ ਤਾਂ ਤੁਸੀਂ ਇਸ ਨੂੰ ਗੰਭੀਰਤਾ ਨਾਲ ਲਵੋ ਕਿਉਂਕਿ ਇਸ ਦੇ ਨਿਮਨ ਕਾਰਨ ਹੋ ਸਕਦੇ ਹਨ।

**ਤਨਾਅ**—ਤਨਾਅ ਇੱਕ ਅਜਿਹੀ ਹਾਲਤ ਹੈ, ਜਿਸਦਾ ਅਸਰ ਮਸਤਸ਼ਕ ਦੇ ਨਾਲ ਨਾਲ ਛਾਤੀ ਉੱਤੇ ਵੀ ਪੈਂਦਾ ਹੈ। ਬਹੁਤ ਜ਼ਿਆਦਾ ਤਨਾਅ ਕਾਰਨ ਛਾਤੀ ਦੀਆਂ ਮਾਸਪੇਸ਼ੀਆਂ ਵਿੱਚ ਸਿਕੁੜਨ ਹੋ ਸਕਦੀ ਹੈ, ਜਿਸ ਕਾਰਨ ਵਿਅਕਤੀ ਨੂੰ ਛਾਤੀ ਵਿੱਚ ਭਾਰਾਪਨ ਮਹਿਸੂਸ ਹੋਣ ਲੱਗਦਾ ਹੈ। ਅਜਿਹੀ ਹਾਲਤ ਜੇਕਰ ਵਾਰ ਵਾਰ ਹੋਵੇ ਜਾਂ ਤਨਾਅ ਬਹੁਤ ਜ਼ਿਆਦਾ ਵੱਧ ਜਾਵੇ ਤਾਂ ਵਿਅਕਤੀ ਨੂੰ ਹਾਰਟ ਅਟੈਕ ਦਾ ਵੀ ਖ਼ਤਰਾ ਰਹਿੰਦਾ ਹੈ। ਇਸ ਲਈ ਜੇਕਰ ਤੁਹਾਨੂੰ ਤਨਾਅ ਰਹਿੰਦਾ ਹੈ ਕਿਸੇ ਚੰਗੇ ਥੇਰੇਪਿਸਟ ਦੀ ਮਦਦ ਲਓ ਜਾਂ ਸਾਇਕੋਲਾਜਿਸਟ ਦੀ ਮਦਦ ਨਾਲ ਆਪਣੇ ਤਨਾਅ ਨੂੰ ਘੱਟ ਕਰੋ। ਲੋਕਾਂ ਨੂੰ ਮਿਲੋ ਜੁਲੋ ਅਤੇ ਆਪਣੇ ਆਪ ਨੂੰ ਵਿਅਸਥ ਅਤੇ ਖੁਸ਼ ਰੱਖਣ ਦੀ ਕੋਸ਼ਿਸ਼ ਕਰੋ।

**ਚਿੰਤਾ**—ਅਕਸਰ ਲੋਕ ਤਨਾਅ ਅਤੇ ਚਿੰਤਾ ਵਿੱਚ ਅੰਤਰ ਨਹੀਂ ਕਰ ਪਾਉਂਦੇ ਹਨ ਕਿਉਂਕਿ ਦੋਵੇਂ ਲਗਭਗ ਇੱਕੋ ਵਰਗੇ ਲੱਛਣਾਂ ਵਾਲੀ ਸਮੱਸਿਆਵਾਂ ਹਨ। ਦਿਮਾਗ ਵਿੱਚ ਲਗਾਤਾਰ ਨਾਕਾਰਾਤਮਕ ਖਿਆਲ ਆਉਣਾ ਅਤੇ ਕਿਸੇ ਨਾਕਾਰਾਤਮਕ ਚੀਜ਼ ਦੇ ਬਾਰੇ ਵਿੱਚ ਘੰਟਾਂ ਸੋਚਦੇ ਰਹਿਣ ਦੀ ਹਾਲਤ ਨੂੰ ਚਿੰਤਾ ਕਹਿੰਦੇ ਹਨ। ਚਿੰਤਾ ਵੀ ਜੇਕਰ ਇੱਕ ਹੱਦ ਤੋਂ ਜ਼ਿਆਦਾ ਵੱਧ ਜਾਵੇ ਤਾਂ ਸਰੀਰ ਲਈ ਹਤਿਆਰਾ ਸਾਬਤ ਹੁੰਦੀ ਹੈ। ਚਿੰਤਾ ਕਾਰਨ ਵੀ ਛਾਤੀ ਵਿੱਚ ਭਾਰਾਪਨ ਦੀ ਸਮੱਸਿਆ ਹੋ ਸਕਦੀ ਹੈ। ਐਂਗਜਾਇਟੀ ਕਾਰਨ ਵੀ ਵਿਅਕਤੀ ਨੂੰ ਹਾਰਟ ਅਟੈਕ ਦੀ ਸਮੱਸਿਆ ਹੋ ਸਕਦੀ ਹੈ। ਇਸ ਲਈ ਇਸ ਤੋਂ ਵੀ ਛੇਤੀ ਤੋਂ ਛੇਤੀ ਛੁਟਕਾਰਾ ਪਾਉਣ ਦੀ ਜ਼ਰੂਰਤ ਹੈ।

**ਐਸਿਡ ਰਿਫਲਕਸ**—ਕਈ ਵਾਰ ਛਾਤੀ 'ਚ ਭਾਰੀਪਨ ਹੋਣ ਦਾ ਕਾਰਨ ਤੁਹਾਡਾ ਪਾਚਨਤੰਤਰ ਵੀ ਹੋ ਸਕਦਾ ਹੈ। ਐਸਿਡ ਰਿਫਲਕਸ ਇੱਕ ਅਜਿਹੀ ਸਮੱਸਿਆ ਹੈ, ਜਿਸ ਕਾਰਨ ਕਈ ਵਾਰ ਛਾਤੀ ਵਿੱਚ ਜਲਨ ਤਾਂ ਕਈ ਵਾਰ ਭਾਰਾਪਨ ਮਹਿਸੂਸ ਹੁੰਦਾ ਹੈ। ਆਮ ਤੌਰ 'ਤੇ ਜੇਕਰ ਕਿਸੇ ਵਿਅਕਤੀ ਨੂੰ ਛਾਤੀ ਵਿੱਚ ਭਾਰਾਪਨ ਦੇ ਨਾਲ ਨਾਲ ਜਲਨ, ਮੂੰਹ ਵਿੱਚ ਕੌੜਾ ਟੇਸਟ ਜਾਂ ਮਤਲੀ ਦੀ ਸਮੱਸਿਆ ਹੋਵੇ ਤਾਂ ਇਹ ਐਸਿਡ ਰਿਫਲਕਸ ਦਾ ਸੰਕੇਤ ਹੋ ਸਕਦਾ ਹੈ।

## 3 ਮਿੰਟਾਂ 'ਚ ਘਰ ਬੈਠੇ ਚਮਕਾਓ ਆਪਣੇ ਦੰਦ

ਸਮਾਂ ਬੀਤਣ ਦੇ ਨਾਲ-ਨਾਲ ਸਾਡੇ ਦੰਦ ਪੀਲੇ ਪੈ ਜਾਂਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਦੰਦਾਂ ਦੀ ਸਾਫ-ਸਫਾਈ ਦਾ ਧਿਆਨ ਨਾ ਰੱਖਣਾ, ਖਾਣ ਦੀਆਂ ਗਲਤ ਆਦਤਾਂ ਅਤੇ ਉਮਰ ਦਾ ਵਧਣਾ। ਦੰਦਾਂ ਦਾ ਰੰਗ ਖਰਾਬ ਹੋਣ



ਪਿੱਛੇ ਕੁਝ ਦਵਾਈਆਂ ਅਤੇ ਦੰਦਾਂ ਸੰਬੰਧੀ ਸਮੱਸਿਆਵਾਂ ਵੀ ਕਾਰਨ ਹੋ ਸਕਦੀਆਂ ਹਨ। ਕਈ ਵਾਰ ਰੈੱਡ ਵਾਈਨ, ਚਾਹ-ਕੌਫੀ, ਸਾਫਟ ਡਰਿੰਕ, ਸਿਗਰਟ ਅਤੇ ਮਠਿਆਈਆਂ ਆਦਿ ਵੀ ਦੰਦਾਂ ਦੇ ਪੀਲੇਪਨ ਦਾ ਕਾਰਨ ਹੋ ਸਕਦੀਆਂ ਹਨ। ਹਾਲਾਂਕਿ ਸਾਲ 'ਚ ਦੋ ਵਾਰ ਦੰਦਾਂ ਦੇ ਡਾਕਟਰ ਕੋਲ ਜਾਣ ਦਾ ਸੁਝਾਅ ਦਿੱਤਾ ਜਾਂਦਾ ਹੈ। ਫਿਰ ਵੀ ਕੁਝ ਘਰੇਲੂ ਇਲਾਜ ਕਾਫੀ ਸਹਾਇਕ ਹੋ ਸਕਦੇ ਹਨ। ਦੰਦਾਂ ਦੀ ਸਫੇਦੀ ਨੂੰ ਵਧਾਉਣ ਦਾ ਇਕ ਅਸਰਦਾਰ ਤਰੀਕਾ ਹੈ ਬੇਕਿੰਗ ਸੋਡਾ। ਇਹ ਨਾ ਸਿਰਫ ਦੰਦਾਂ ਨੂੰ ਚਮਕਾਏਗਾ, ਸਗੋਂ ਇਨ੍ਹਾਂ 'ਤੇ ਜੰਮਿਆ ਪਲਾਕ ਵੀ ਹਟਾਏਗਾ। ਇਸ ਦੇ ਲਈ ਸਾਨੂੰ ਚਾਹੀਦੈ ਬੇਕਿੰਗ ਸੋਡਾ, ਨਿੰਬੂ ਜਾਂ ਪਾਣੀ ਵੀ ਵਰਤ ਸਕਦੇ ਹੋ। ਇਸ ਸਮੱਗਰੀ ਦਾ ਲੇਪ ਬਣਾ ਕੇ ਘਰ ਬੈਠਿਆਂ ਹੀ ਸਿਰਫ 3 ਮਿੰਟਾਂ 'ਚ ਆਪਣੇ ਦੰਦਾਂ ਨੂੰ ਚਮਕਾ ਸਕਦੇ ਹੋ। ਹਫਤੇ 'ਚ ਇਕ ਵਾਰ ਹੀ ਇਸ ਦੀ ਵਰਤੋਂ ਕਰੋ ਕਿਉਂਕਿ ਵਧੇਰੇ ਵਰਤੋਂ ਨਾਲ ਦੰਦਾਂ ਦੇ ਇਨੈਮਲ ਕਮਜ਼ੋਰ ਪੈ ਸਕਦੇ ਹਨ। ਕਈ ਹਫਤਿਆਂ ਤੱਕ ਲਗਾਤਾਰ ਇਸ ਦੀ ਵਰਤੋਂ ਕਰਨ ਨਾਲ ਤੁਹਾਡੇ ਦੰਦਾਂ ਦਾ ਪੀਲਾਪਨ ਦੂਰ ਹੋਣ ਲੱਗੇਗਾ। ਅੱਧਾ ਚੱਮਚ ਬੇਕਿੰਗ ਸੋਡੇ ਨੂੰ ਟੂਥਪੇਸਟ 'ਚ ਮਿਲਾਓ ਅਤੇ ਹਫਤੇ 'ਚ ਇਕ ਵਾਰ ਇਸ ਨਾਲ ਦੰਦ ਸਾਫ ਕਰੋ। ਬਦਲ ਦੇ ਤੌਰ 'ਤੇ ਤੁਸੀਂ ਪਾਣੀ ਦੀਆਂ ਕੁਝ ਬੂੰਦਾਂ 'ਚ ਅੱਧਾ ਚੱਮਚ ਬੇਕਿੰਗ ਸੋਡਾ ਪਾ ਕੇ ਆਪਣੀਆਂ ਉਂਗਲੀਆਂ ਨਾਲ ਦੰਦਾਂ 'ਤੇ ਮੰਜਨ ਕਰ ਸਕਦੇ ਹੋ। ਨਿੰਬੂ 'ਚ ਬਲੀਚਿੰਗ ਏਜੰਟਸ ਹੁੰਦੇ ਹਨ, ਜੋ ਪੀਲੇਪਨ ਦੀ ਸਮੱਸਿਆ 'ਚ ਵਧੀਆ ਕੰਮ ਕਰਦੇ ਹਨ। ਆਪਣੇ ਦੰਦਾਂ 'ਤੇ ਰਗੜਨ ਲਈ ਨਿੰਬੂ ਦੇ ਛਿਲਕੇ ਦਾ ਰਸ ਵਰਤ ਸਕਦੇ ਹੋ ਜਾਂ ਫਿਰ ਥੋੜ੍ਹੇ ਜਿਹੇ ਨਿੰਬੂ ਦਾ ਰਸ ਕੱਢ ਕੇ ਕੁਰਲੀ ਕਰ ਸਕਦੇ ਹੋ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸ਼ੇਰੇ ਪੰਜਾਬ ਦੇ ਬਚਨ ਸੁਣ ਕੇ ਸਿੰਘਾਂ ਨੂੰ ਜੋਸ਼ ਆਉਣਾ

2000 ਗੱਲਾਂ ਸੁਣ ਕੇ ਸ਼ੇਰੇ ਪੰਜਾਬ ਦੀਆਂ, ਸਿੰਘਾਂ ਚੜ੍ਹਿਆ ਅੱਤ ਦਾ ਚਾ ਬੇਲੀ।
ਲੱਕ ਬੰਨ੍ਹ ਕੇ ਚੱਲੇ ਸਰਦਾਰ ਸਾਰੇ, ਨਾਅਰੇ ਸੋ ਨਿਹਾਲ ਦੇ ਲਾ ਬੇਲੀ।
ਚੁੱਕ ਕਾਠੀਆਂ ਪਾਈਆਂ ਘੋੜਿਆਂ ਤੇ, ਤੋਪਾਂ ਲਈਆਂ ਪਿੱਛੇ ਪਾ ਬੇਲੀ।
ਹਰਚੰਦ ਸਿੰਘਾ ਝੰਗ-ਮੁਲਤਾਨ ਤਾਈਂ, ਕਿਲ੍ਹੇ ਦੇਵਾਂਗੇ ਸਭ ਨਿਭਾਅ ਬੇਲੀ॥
2001 ਝੰਡੇ ਗੱਡਕੇ ਥਾਂ ਥਾਂ ਖਾਲਸੇ ਨੇ, ਡੇਰਾ ਪਾਸ ਮੁਲਤਾਨ ਦੇ ਲਾਇਆ ਏ।
ਮੁਜੱਫ਼ਰ ਖ਼ਾਨ ਨੂੰ ਜਦੋਂ ਸੀ ਖਬਰ ਹੋਈ, ਵਜ਼ੀਰ ਉਸਦਾ ਨੱਠਾ ਆਇਆ ਏ।
ਈਨ ਮੰਨੀ ਸ਼ੇਰੇ ਪੰਜਾਬ ਦੀ ਆ, ਸਾਰਾ ਰੋਕੜਾ ਜਮ੍ਹਾਂ ਕਰਾਇਆ ਏ।
ਹਰਚੰਦ ਸਿੰਘਾ ਨਵਾਬ ਨੇ ਆਪ ਆ ਕੇ, ਅਹਿਦਨਾਮਾ ਨਵਾਂ ਲਿਖਾਇਆ ਏ॥

### ਸ੍ਰੀ ਅੰਮ੍ਰਿਤਸਰ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰਨਾ

2002 ਅੰਮ੍ਰਿਤਸਰੋਂ ਲਹੌਰ ਸੀ ਖਬਰ ਆਈ, ਭੰਗੀ ਸਾਜਿਸ਼ ਨਵੀਂ ਰਚਾਉਣ ਲੱਗੇ।
ਰਾਮਗੜ੍ਹੀਆਂ ਮਿਸਲ ਨਾਲ ਗੱਲ ਕਰਕੇ, ਨਾਲ ਆਪਣੇ ਉਹ ਮਿਲਾਉਣ ਲੱਗੇ।
ਮਾਰ ਹੰਭਲਾ ਮੁੜ ਲਹੌਰ ਲਈਏ, ਜ਼ੋਰ ਆਪਣਾ ਉਹ ਅਜ਼ਮਾਉਣ ਲੱਗੇ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਅੱਗੋਂ, ਚੁੱਕ ਕਾਠੀਆਂ ਘੋੜਿਆਂ ਪਾਉਣ ਲੱਗੇ॥
2003 ਫ਼ਤਿਹ ਸਿੰਘ ਆਹਲੂਵਾਲੀਆ ਨਾਲ ਲਿਆ, ਅੰਮ੍ਰਿਤਸਰ ਨੂੰ ਸ਼ੇਰੇ ਪੰਜਾਬ ਚੱਲੇ।
ਸਦਾ ਕੌਰ ਸਰਦਾਰਨੀ ਚੜ੍ਹ ਆਈ, ਕਰਨ ਭੰਗੀਆਂ ਨਾਲ ਹਿਸਾਬ ਚੱਲੇ।
ਰਾਮਗੜ੍ਹੀਏ ਘੇਸਲ ਮਾਰ ਗਏ, ਸਰਦਾਰਨੀ ਸੁੱਖਾਂ ਦੇ ਟੁੱਟ ਖ਼ੁਆਬ ਚੱਲੇ।
ਹਰਚੰਦ ਸਿੰਘਾ ਤੋਪਾਂ ਗੜਗੱਜ ਪਾਈ, ਗੋਲੇ ਤੋਪਾਂ 'ਚੋਂ ਬੇ-ਹਿਸਾਬ ਚੱਲੇ॥

### ਅਕਾਲੀ ਫੂਲਾ ਸਿੰਘ ਅਤੇ ਸ਼ਹਿਰ ਦੇ ਮੁਖੀਆਂ ਨੇ ਲੜਾਈ ਬੰਦ ਕਰਵਾਉਣੀ

2004 ਅਕਾਲੀ ਫੂਲਾ ਸਿੰਘ ਤੇ ਹੋਰ ਮੁਖੀ, ਇਹ ਝਗੜਾ ਰਲ ਮਿਟਾਉਣ ਲੱਗੇ।
ਭਾਈ ਭਾਈ ਕਿਉਂ ਲੜ ਕੇ ਮਰਨ ਲੱਗੇ, ਦੋਵੇਂ ਧਿਰਾਂ ਨੂੰ ਉਹ ਸਮਝਾਉਣ ਲੱਗੇ।
ਗੱਲ ਕਰੋ ਆਪਸ ਦੇ ਵਿੱਚ ਬਹਿ ਕੇ, ਰਾਜੀਬੰਦਾ ਸੀ ਉਹ ਕਰਾਉਣ ਲੱਗੇ।
ਹਰਚੰਦ ਸਿੰਘਾ ਦੁਰਾਨੀਆਂ ਵਾਂਗ ਤੁਸੀਂ, ਗੁਰੂ ਨਗਰੀ ਤਾਈਂ ਕਿਉਂ ਢਾਉਣ ਲੱਗੇ॥

### ਰਾਜੀਬੰਦਾ ਹੋਣਾ

2005 ਕਿਲ੍ਹਾ ਖਾਲੀ ਭੰਗੀਆਂ ਕਰ ਦਿੱਤਾ, ਸਭ ਕੁੱਝ ਛੱਡ ਕਿਲ੍ਹੇ 'ਚੋਂ ਬਾਹਰ ਆਏ।
*ਜ਼ਮਜ਼ਮਾ ਤੋਪ ਰਣਜੀਤ ਦੇ ਹੱਥ ਆਈ, ਨਾਲ ਹੋਰ ਵੀ ਬਹੁਤ ਹਥਿਆਰ ਆਏ।
ਭੰਗੀ ਚਾਹੁੰਦੇ ਸੀ ਮੁੜ ਲਾਹੌਰ ਲੈਣਾ, ਉਹ ਤੇ ਕਿਲਾ ਵੀ ਹੱਥੋਂ ਹਾਰ ਅਏ।
ਐਨਾ ਚੰਗਾ ਗਈ ਨਾ ਜਾਨ ਕੋਈ, ਸਬੂਤੇ ਘਰਾਂ ਨੂੰ ਸਿੰਘ ਸਰਦਾਰ ਆਏ॥
2006 ਖਰਚ ਵਾਸਤੇ ਭਾਰੀ ਜਾਗੀਰ ਦੇ ਕੇ, ਰਣਜੀਤ ਸਿੰਘ ਨੇ ਪਰਉਪਕਾਰ ਕੀਤਾ।
ਗੱਲ ਕੀਤੀ ਨਾ ਵੈਰ-ਵਿਰੋਧ ਵਾਲੀ, ਚੰਗਾ ਉਨ੍ਹਾਂ ਦੇ ਨਾਲ ਵਿਹਾਰ ਕੀਤਾ।
ਦਰ ਦਰ ਤੋਂ ਭੀਖ ਨਾ ਲੈਣ ਦਿੱਤੀ, ਮੁੜ ਭੰਗੀਆਂ ਤਾਈਂ ਸਰਦਾਰ ਕੀਤਾ।
ਹਰਚੰਦ ਸਿੰਘਾ ਜਿਸ ਹਥਿਆਰ ਸੁੱਟੇ, ਰਣਜੀਤ ਸਿੰਘ ਨਾ ਉਸ ਤੇ ਵਾਰ ਕੀਤਾ॥

### ਸ਼ੇਰੇ ਪੰਜਾਬ ਤੇ ਨਾਚੀ ਮੋਰਾਂ ਦਾ ਪ੍ਰਸੰਗ

2007 ਮਹਾਰਾਜਾ ਜੰਗ ਤੋਂ ਜਦ ਮੁੜਦਾ, ਗੁਰੂ ਨਗਰੀ ਅੰਮ੍ਰਿਤਸਰ ਜਾਂਵਦਾ ਜੀ।
ਕਲਗੀ ਲਾਹ ਕੇ ਗੁਰੂ ਦਰਬਾਰ ਜਾਏ, ਮਸਤਕ ਗੁਰਾਂ ਦੇ ਚਰਨੀ ਲਾਂਵਦਾ ਜੀ।
ਧਨ ਦੇ ਕੇ ਕਰਦਾ ਟਹਿਲ ਸੇਵਾ, ਮਾਇਆ ਲੰਗਰਾਂ ਵਿੱਚ ਵੀ ਪਾਂਵਦਾ ਜੀ।
ਹਰਚੰਦ ਸਿੰਘਾ ਰਾਤ ਨੂੰ ਮੋਰਾਂ ਦਾ, ਨਾਚ ਵੇਖਕੇ ਮਨ ਪਰਚਾਂਵਦਾ ਜੀ॥
2008 ਦਿੱਤੀ ਸੁੰਦਰਤਾ ਮੋਰਾਂ ਨੂੰ ਰੱਬ ਐਸੀ, ਚਰਚਾ ਉਸ ਦੀ ਜੱਗ ਜਹਾਨ ਮੀਆਂ।
ਅੱਖਾਂ ਨੀਲੀਆਂ ਮਸਤੀ ਨਾਲ ਭਰੀਆਂ, ਗੋਰਾ ਮੁੱਖੜਾ ਚੰਦ ਸਮਾਨ ਮੀਆਂ।
ਨੱਕ ਤਿੱਖਾ ਪਲਪੀਸੀਆਂ ਹੋਂਠ ਉਸਦੇ, ਲੱਕ ਪਤਲਾ ਵਾਂਗ ਕਮਾਨ ਮੀਆਂ।
ਗੀਤ ਗਾਏ ਤਾਂ ਹੋਸ਼ ਭੁਲਾ ਦੇਵੇ, ਅਦਾਵਾਂ ਨਾਲ ਉਹ ਕੱਢਦੀ ਜਾਨ ਮੀਆਂ॥
2009 ਜਦ ਨੱਚਦੀ ਥੀਆ-ਥਾਹ ਕਰਕੇ, ਪਏ ਘੁੰਗਰੂ ਬਹੁੜੀਆਂ ਪਾਂਵਦੇ ਨੇ।
ਬਾਹਾਂ ਗੋਰੀਆਂ ਵਿੱਚ ਰੰਗੀਨ ਚੂੜੇ, ਨਾਲ ਝਾਂਜਰਾਂ ਤਾਲ ਮਿਲਾਂਵਦੇ ਨੇ।
ਅੱਡੀ ਸਿੱਧੀ ਦਿਲਾਂ ਦੇ ਵਿੱਚ ਵੱਜੇ, ਉਹਦੇ ਨਖ਼ਰੇ ਮਾਰ ਮੁਕਾਂਵਦੇ ਨੇ।
ਹਰਚੰਦ ਸਿੰਘਾ ਜਲਵਾ ਵੇਖਦੇ ਜੋ, ਲੈ ਕੇ ਬੁੱਤ ਹੀ ਘਰਾਂ ਨੂੰ ਜਾਂਵਦੇ ਨੇ॥
2010 ਸੂਟ ਕੀਮਤੀ ਸੀਤੇ ਦਰਜੀਆਂ ਨੇ, ਉੱਤੇ ਪੰਨੇ ਸਤਾਰੇ ਲਾ ਕੇ ਜੀ।
ਆਤਿਸ਼ਬਾਜੀਆਂ ਚੱਲਣ ਸਰੀਰ ਵਿੱਚੋਂ, ਜਦੋਂ ਨੱਚਦੀ ਲੋਕ ਲਚਕਾ ਕੇ ਜੀ।
ਸ਼ਮ੍ਹਾਂ ਹੁਸਨ ਦੀ ਬੇਪ੍ਰਵਾਹ ਬਲਦੀ, ਸਾੜ ਸੁੱਟੇ ਉਦਾਸੀਆਂ ਲਾਹ ਕੇ ਜੀ।
ਹਰਚੰਦ ਸਿੰਘਾ ਹੱਸੇ ਤਾਂ ਝੜਨ ਮੋਤੀ, ਗੁੱਤ ਮੇਲ੍ਹਦੀ ਨਾਗ ਵਲ ਖਾ ਕੇ ਜੀ॥
2011 ਧੌਣ ਲੰਬੀ ਗਿੱਠ ਸੀ ਮੋਰ ਵਰਗੀ, ਲੱਕ ਪਤਲਾ ਠੁਮਕੇ ਮਾਰਦਾ ਜੇ।
ਜਦ ਘੁੰਮੇ ਘੱਗਰਾ ਪੈਲ ਪਾਵੇ, ਜਿਵੇਂ ਖੰਭਾਂ ਨੂੰ ਮੋਰ ਉਭਾਰਦਾ ਜੇ।
ਚੂੜੀਦਾਰ ਪੰਜਾਮੀ ਨਜ਼ਰ ਆਏ, ਕਾਲਾ ਨਾਗ ਜਿਉਂ ਕੰਜ ਉਤਾਰਦਾ ਜੇ।
ਹੁਸਨ ਹੋਰ ਵੀ ਬੜੇ ਹਰਚੰਦ ਸਿੰਘਾ, ਪਰ ਜੋੜ ਨਾ ਇਸ ਮੁਟਿਆਰ ਦਾ ਜੇ॥
2012 ਭਰ ਥੈਲੀਆਂ ਪਹੁੰਚਦੇ ਸੇਠ ਉੱਥੇ, ਮੋਰਾਂ ਜਿਸ ਚੁਬਾਰੇ ਵਸਦੀ ਏ।
ਇੰਦਰਪੁਰੀ ਭੀ ਜਾਂਦੀ ਡੋਲ ਉਦੋਂ, ਬੰਨ ਝਾਜਰਾਂ ਨੱਚੀ ਜਦ ਨੱਚਦੀ ਏ।
ਬੁੱਕਾਂ ਭਰ ਕੇ ਮੋਹਰਾਂ ਦੀ ਦਾਦ ਦੇਂਦੇ, ਗੱਲ ਰਹੇ ਕੋਈ ਨਾ ਵੱਸ ਦੀ ਏ।
ਹਰਚੰਦ ਸਿੰਘਾ ਹੱਡ ਨਾ ਮਾਸ ਦਿਸੇ, ਮੋਰਾਂ ਮੂਰਤੀ ਜਿਵੇਂ ਕੱਚ ਦੀ ਏ॥
2013 ਇਕ ਵੇਰਾਂ ਕਿਲ੍ਹੇ ਦੇ ਵਿੱਚ ਉਸਨੂੰ, ਸ਼ੇਰੇ ਪੰਜਾਬ ਨੇ ਸੱਦ ਬੁਲਾਇਆ ਜੀ।
ਮੋਰਾਂ ਮੁਜਰਾ ਆਣ ਕੇ ਜਦ ਕੀਤਾ, ਮਹਾਰਾਜਾ ਲੋਰ ਵਿੱਚ ਆਇਆ ਜੀ।
ਵਿੱਚ ਨਸ਼ੇ ਦੇ ਭੁੱਲ ਅਸੂਲ ਬੈਠਾ, ਉਵੇਂ ਕੀਤਾ ਮਨ ਜੋ ਭਾਇਆ ਜੀ।
ਅਕਾਲੀ ਫੂਲਾ ਸਿੰਘ ਨੂੰ ਖਬਰ ਹੋਈ, ਅਕਾਲ ਤਖਤ ਤੇ ਤਲਬ ਕਰਾਇਆ ਜੀ॥

### ਸ: ਰਣਜੀਤ ਸਿੰਘ ਸ਼ੁਕਰਚੱਕੀਏ ਨੇ ਸ੍ਰੀ ਅਕਾਲ ਤਖ਼ਤ ਤੇ ਸਿੰਘ ਸਾਹਿਬਾਨਾਂ ਅੱਗੇ ਪੇਸ਼ ਹੋਣਾ

2014 ਅਕਾਲ ਤਖਤ ਤੇ ਹਾਜ਼ਰ ਆਣ ਹੋਇਆ, ਕਲਗੀ ਲਾਹ ਕੇ ਪੱਲਾ ਪਾ ਕੇ ਜੀ।
ਅਕਾਲੀ ਫੂਲਾ ਸਿੰਘ ਜੀ ਪੁੱਛਦੇ ਨੇ, ਰਣਜੀਤ ਸਿੰਘ ਨੂੰ ਕੋਲ ਬਹਾ ਕੇ ਜੀ।
ਸਿੱਖ ਗੁਰੂ ਦਾ ਰਾਜਾ ਪੰਜਾਬ ਦਾ ਤੂੰ, ਕਰੇਂ ਹਰਕਤਾਂ ਮਹਿਫਲਾਂ ਲਾ ਕੇ ਜੀ।
ਹਰਚੰਦ ਸਿੰਘਾ ਕੀ ਏ ਸੱਚ ਇਹੇ, ਸਾਨੂੰ ਦੱਸ ਤੂੰ ਗੁਰੂ ਧਿਆ ਕੇ ਜੀ॥
2015 ਜੈਸਾ ਰਾਜਾ ਉਹੋ ਜਿਹੀ ਹੋਏ ਪਰਜਾ, ਤੂੰ ਕਿਹੋ ਜਿਹਾ ਰਾਜ ਚਲਾਵਣਾ ਏ।
ਧੀਆਂ-ਭੈਣਾਂ ਆਬਰੂ ਮਾਪਿਆਂ ਦੀ, ਤੂੰ ਉਨ੍ਹਾਂ ਨੂੰ ਕੋਠੇ ਬਹਾਵਣਾ ਏ।
ਤੂੰ ਆਪਣੇ ਪੁੱਤ ਤੇ ਪੋਤਿਆਂ ਨੂੰ, ਦੱਸ ਕਿਸ ਰਾਹਾਂ ਤੇ ਪਾਵਣਾ ਏ।
ਹਰਚੰਦ ਸਿੰਘਾ ਸੂਰਮਾ ਵੀਰ ਹੋ ਕੇ, ਨਸ਼ਾ ਕਰਕੇ ਗਿਰ ਤੂੰ ਜਾਵਣਾ ਏ॥
2016 ਇਹੋ ਕੰਮ ਜੇ ਰਾਜਿਆ ਤੂੰ ਕਰਨੇ, ਸਿੱਖੀ ਸਰੂਪ ਤੂੰ ਪੰਥ ਦਾ ਮੋੜ ਸਿੰਘਾ।
ਖਾਰਜ ਆਪ ਨੂੰ ਪੰਥ ਤੋਂ ਕਰ ਦੇਣਾ, ਤੇਰੇ ਜਿਹੇ ਦੀ ਸਾਨੂੰ ਨਾ ਲੋੜ ਸਿੰਘਾ।
ਭਰਿਸ਼ਟ ਕਰੀਂ ਨਾ ਗੁਰੂ ਦਰਬਾਰ ਆ ਕੇ, ਇਸ ਤਖ਼ਤ ਦੇ ਹੁਕਮ ਨਾ ਤੋੜ ਸਿੰਘਾ।
ਹਰਚੰਦ ਸਿੰਘਾ ਜਸ ਜੇ ਖੱਟਣਾ ਏ, ਬੁਰੇ ਕੰਮਾਂ ਤੋਂ ਮਨ ਨੂੰ ਮੋੜ ਸਿੰਘਾ॥
2017 ਆਮ ਜੱਟ ਤੋਂ ਬਣਿਆ ਬਾਦਸ਼ਾਹ ਤੂੰ, ਇਹ ਮਿਹਰ ਮੇਰੇ ਦਾਤਾਰ ਦੀ ਏ।
ਲੱਖਾਂ ਜਿੰਦਾਂ ਨੇ ਇਸ ਲਈ ਤਨ ਵਾਰੇ, ਮਿਲੀ ਕੁਰਸੀ ਤੈਨੂੰ ਸਰਕਾਰ ਦੀ ਏ।
ਦਸਮੇਸ਼ ਪਿਤਾ ਨੇ ਸਭ ਕੁੱਝ ਵਾਰ ਦਿੱਤਾ, ਸੂਰਤ ਮਿਲੀ ਤਾਂ ਹੀ ਸਰਦਾਰ ਦੀ ਏ।
ਹਰਚੰਦ ਸਿੰਘਾ ਪਲੀਤ ਨਾ ਕਰ ਇਸ ਨੂੰ, ਸਿੱਖਾ ਤੈਨੂੰ ਸਿੱਖੀ ਪੁਕਾਰਦੀ ਏ॥

### ਸ: ਰਣਜੀਤ ਸਿੰਘ ਦਾ ਉੱਤਰ

2018 ਵਿੱਚ ਨਸ਼ੇ ਦੇ ਗ਼ਲਤੀਆਂ ਕਰ ਬੈਠਾ, ਸਜਾ ਬਣਦੀ ਜੋ ਵੀ ਲਾਓ ਮੈਨੂੰ।
ਅੱਗੇ ਵਾਸਤੇ ਹੋਸ਼ ਦੇ ਵਿੱਚ ਰਵਾਂ, ਅਕਾਲ ਤਖ਼ਤ ਤੋਂ ਹੁਣ ਬਖ਼ਸ਼ਾਓ ਮੈਨੂੰ।
ਜੋ ਕਹੋਂਗੇ ਉਹੀ ਮਨਜ਼ੂਰ ਕਰਾਂ, ਅਸੂਲ ਸਿੱਖੀ ਦੇ ਯਾਦ ਕਰਾਓ ਮੈਨੂੰ।
ਹਰਚੰਦ ਸਿੰਘਾ ਦੋਸ਼ੀ ਮੈਂ ਖਾਲਸੇ ਦਾ, ਮੁੜ ਆਪਣੇ ਵਿੱਚ ਮਿਲਾਓ ਮੈਨੂੰ॥
2019 ਮਿਹਰ ਗੁਰਾਂ ਦੀ ਆਸਰਾ ਖਾਲਸੇ ਦਾ, ਵਰਨਾ ਮੇਰੀ ਤੇ ਕੋਈ ਔਕਾਤ ਨਾਹੀ।
ਹਰ ਪਲ ਅਮਾਨਤ ਅਕਾਲ ਦੀ ਏ, ਮੇਰਾ ਦਿਨ ਨਾ ਹੀ ਮੇਰੀ ਰਾਤ ਨਾਹੀ।
ਜਾਨ ਗੁਰਾਂ ਨੇ ਬਖ਼ਸ਼ੀ ਸੀਤਲਾ ਤੋਂ, ਵੱਡੀ ਇਸ ਤੋਂ ਕੋਈ ਸੌਗਾਤ ਨਾਹੀ।
ਹਰਚੰਦ ਸਿੰਘਾ ਹੋਰ ਨਾ ਠਿੰਠ ਕਰੋ, ਅੱਗੋਂ ਹੋਣੀ ਇਹੋ ਜਿਹੀ ਬਾਤ ਨਾਹੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ



ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂਅ ਹਿੰਦੂਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਵੇਗਾ। ਉਹਨਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਣ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀ, ਸਾਰੀ ਦੁਨੀਆ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆ ਦੇ ਕਿਸੇ ਵੀ ਵਿਅਕਤੀ ਨੇ ਅੱਜ ਤਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨ. / ਸ਼ਹੀਦੀ ਨਹੀਂ ਦਿੱਤੀ।ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ—ਹਮੇਸ਼ਾਂ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਂਲ ਹੀ ਹੋਵੇਗਾ।ਸਹਿਨਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ—ਸਿਤਾਰੇ ਚਮਕਦੇ ਸਨ, ਮੁਹੱਬਤ ਦੇ ਉਦੱਮ ਆਦਿ। ਸ਼੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੱਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਮਰ ਕਰ ਲਿਆ ਹੈ। ਸਿੱਖ ਜਗਤ ਵਿੱਚ ਇਸ ਦੀ ਵੱਡਮੁੱਲੀ ਮਹਾਨਤਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨੀ ਕਦਰਾਂ—ਕੀਮਤਾਂ ਨੂੰ ਮੱਦੇ ਨਜ਼ਰ ਰੱਖ ਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕੀਤੀ। ਇਸ ਗ੍ਰੰਧ ਦਾ ਕੋਈ ਵੀ ਸ਼ਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨੀ ਕਦਰਾਂ—ਕੀਮਤਾਂ ਤੋ ਬਾਹਰ ਨਹੀਂ ਜਾ ਸਕਦਾ ।੧ਓ, ਵਾਹਿਗੁਰੂ, ਸਤਿਨਾਂਮ, ਇਸ ਦੇ ਮੂਲ ਸਰੋਤ ਹਨ। ਇਸ ਮਹਾਨ ਗ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਕ ਕਾਰਣਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੌਢੀ ਵੰਸ਼ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋ ਸ਼੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਪਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ,। ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਸੀ, ਪਰ ਆਦਤਨ, ਉਹ ਇਕ ਵਧੀਆਂ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦੇ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਰਾ—ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੋੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਬਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਿਸ ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ—ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।



ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿਹ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ., ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਥਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ਰੁਚੀ ਆਦਿ ਨੂੰ ਵੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਣੀ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂਅ ਬਾਬਾ ਮਹਾਂਦੇਵ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ਼੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਉਹ ਆਖ਼ਰੀ ਦਮ ਤਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ—ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ—ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ—ਪਾਤ, ਰੰਗ—ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ—ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਿਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

> ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ—ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ—ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ—ਪਾਤ, ਰੰਗ—ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ—ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਿਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ।

ਇਹ ਮਹਾਨ ਗ੍ਰੰਥ (ਬੀੜ) ਲਿਖਣ 'ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਿਕ ਪੂਰਾ ਨਹੀਂ ਸਨ ਉਤਰਦੇ ਉਹਨਾਂ ਦੀਆਂ ਰਚਨਾਵਾਂ ਨਹੀ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਮਿਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਿਕ ਜਹਾਂਗੀਰ ਤਕ ਗੱਲਾਂ ਪਹੁੰਚਾਣ ਵਿਚ ਕੋਈ ਕਸਰ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜ੍ਹਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁਧ ਕੋਈ ਚਿੰਨ੍ਹ ਤਕ ਨਾ ਮਿਲਿਆ ਦੂਸਰੇ ਪਾਸੇ ਸਭ ਤੋਂ ਜ਼ਿਆਦਾ ਜ਼ੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ— ਮਿਲਾ ਕੇ ਇਹਨਾਂ ਨੇ ਚੁੱਕਿਆ ਦੂਸਰੇ ਪਾਸੇ ਚੰਦੂ ਸ਼ਾਹ ਜ਼ੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਣਾ ਸੀ, ਕਿਉਕਿ ਪ੍ਰਿਥੀ ਦੀ ਵੀ ਸ਼ਾਜਿਸ਼ ਇਸ ਵਿਚ ਸ਼ਾਮਿਲ ਸੀ।

ਚੰਦੂ ਨੈ ਆਪਣੀ ਧੀ ਦੀ ਕੁੜਮਾਣੀ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ) ? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ ×ਤੇ ਗੁਰੂ ਜੀ ਨੈ ਆਪਣੇ ਸਾਹਿਬਜਾਦੇ ਸ਼੍ਰੀ ਗੁਰੂ ਹਰਗੋਬਿੰਦ ਦੀ ਕੁੜਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੂਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿਗਾੜੀ ਸੁਲਗਣ ਲੱਗੀ। ਓਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਗੇਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਜੀ ਵਿਰੁਧ ਰਚਨੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ



ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਿਕ ਆਉ ਭਗਤ ਕੀਤੀ ਗਈ ਹੈ, ਤੇ ਇਸਲਾਮ ਵਿਰੁਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੈ ਇਹ ਸਾਜ਼ਿਸ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜ਼ੁਰਮਾਨਾ ਕਰ ਦਿੱਤਾ। ਜ਼ੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ।ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਤਪਦੀ ਲੋਹ 'ਤੇ ਜਿਸ ਦੇ ਹੇਠਾ ਮਣਾ ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੂਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇ ਮੀਆਂ ਮੀਰ ਤੇ ਵਜ਼ੀਰ ਖਾ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਂਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਜਾਂ ਤੱਤੀ ਰੇਤ ਵਿਚ ਬੈਠ ਗਏ।ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ. ਨੂੰ ਜਹਾਂਗਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਸ਼ਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ। ਏਕਤਾ, ਸਾਂਝੀਵਾਲਤਾ ਤੇ ਜਾਤ—ਪਾਤ, ਰੰਗ—ਰੂਪ ਤੋਂ ਉੱਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ—ਰਾਮਕਲੀ ਮਹਲਾ ਪ

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।**
**ਕੋਈ ਸੇਵੈ ਗੁਸਈਆਂ ਕੋਈ ਅਲਾਹਿ।।**
**ਕਾਰਣ ਕਰਣ ਕਰੀਮ। ਕਿਰਪਾ ਧਾਰਿ ਰਹੀਮ।। ।। ਰਹਾਉ।।**
**ਕੋਈ ਨਾਵੈ ਤੀਰਥਿ ਕੋਈ ਹਜ ਜਾਇ।**
**ਕੋਈ ਪੜੈ ਬੇਦ ਕੋਈ ਕਤੇਬ।**
**ਕੋਈ ਓਢੈ ਨੀਲ ਕੋਈ ਸੁਪਦ।। ।।**
**ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ।**
**ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ।। ।।**
**ਕਹੁ ਨਾਨਕ ਜਿਨਿ ਹੁਕਮੁ ਪਛਾਤਾ।**
**ਪ੍ਰਭੂ ਸਾਹਿਬ ਕਾ ਤਿਨਿ ਭੇਦੁ ਜਾਤਾ ।। ।।**

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾਂ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿੱਚ ਬਾਵਨ ਅੱਖਰੀ 57 ਸ਼ਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਥਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੁਲੀਆਂ 3 ਸੋਲਹੇ 14 ਸ਼ਬਦ। ਕੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੋ ਬੋਲੇ।। ਸਵੈਯੈ 9, ਸਵੈਯੇ।। ਇਹਨਾਂ ਤੋਂ ਇਲਾਵਾ ਸਲੋਕ ਵੀ ਜੋ ਵਾਰਾਂ ਨਾਲ ਦਰਜ਼ ਹਨ । ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ਼ ਹੈ। ਉਹਨਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇ ?ਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਉੜੀਆਂ ਹਨ। ਆਦਿ। ਕੁਲ 2312 ਸ਼ਬਦ ਹਨ।

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ 43 ਸਾਲ ਇਕ ਮਹੀਨਾ 16 ਦਿਨ ਦੀ ਉਮਰ ਭੋਗ ਕੇ ਸ਼ਹੀਦ ਹੋਏ ਸਨ। ਉਹਨਾਂ ਨੇ ਏਨੀ ਉਮਰ ਵਿਚ ਉਹ ਕਾਰਜ ਕੀਤੇ ਹਨ ਜ਼ੋ ਹਮੇਸ਼ਾ—ਹਮੇਸ਼ਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਹੀ ਨਹੀ ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਹਨਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਿਹਣਗੇ। ਸਿੱਖ ਜਗਤ ਵਿਚ ਉਹਨਾਂ ਦਾ ਮਹਾਨ ਸਥਾਨ ਹੈ।

**ਬਲਵਿੰਦਰ ਬਾਲਮ ਗੁਰਦਾਸਪੁਰ**
**9815625409**



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੌਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਹਦਚਣਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

****************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ੍ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ।
ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 -604-615-8088

### ਵਰਕਰਾਂ ਦੀ ਲੋੜ

S K FRAMING ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# 'ਆਪ' ਦੀ ਜਿੱਤ ਜਾਂ ਲੋਕਾਂ ਦਾ ਬਦਲਾ !



ਦਵਿੰਦਰ ਸਿੰਘ ਆਹਲੂਵਾਲੀਆ
82838 25094

ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਵੱਲੋਂ ਵੱਡੇ ਫਰਕ ਨਾਲ ਭਾਵੇਂ ਜਿੱਤ ਲਈ ਗਈ ਹੈ ਪਰ ਫਿਰ ਵੀ ਬਹੁਤ ਕੁੱਝ ਵਾਚਣ ਦੀ ਲੋੜ ਹੈ। ਸੰਗਰੂਰ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਪਾਰਟੀ ਨੂੰ ਇਸ ਜਿੱਤ ਨਾਲ ਕੁੱਝ ਠੁਮਣਾ ਜ਼ਰੂਰ ਮਿਲਿਆ ਹੈ। ਭਾਵੇਂ ਆਮ ਆਦਮੀ ਪਾਰਟੀ ਦੇ ਹਰ ਛੋਟੇ ਵੱਡੇ ਅਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਆਪਣੀ ਪਿੱਠ ਥਾਪੜੀ ਜਾ ਰਹੀ ਹੈ ਕਿ ਪਾਰਟੀ ਦੀ ਇਹ ਜਿੱਤ ਪੰਜਾਬ ਸਰਕਾਰ ਦੀਆਂ ਇਕ ਸਾਲ ਦੀਆਂ ਪ੍ਰਾਪਤੀਆਂ ਅਤੇ ਨੀਤੀਆਂ ਦੀ ਜਿੱਤ ਹੈ। ਪਿਛਲੀਆਂ 2017 ਦੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ 63.09 ਫ਼ੀਸਦੀ ਦੀ ਬਜਾਏ 54.70 ਫ਼ੀਸਦੀ ਪੋਲਿੰਗ ਹੋਈ ਅਤੇ ਆਮ ਆਦਮੀ ਪਾਰਟੀ 34.05 ਫ਼ੀਸਦੀ ਵੋਟਾਂ ਪ੍ਰਾਪਤ ਕਰਕੇ ਮੋਹਰੀ ਪਾਰਟੀ ਵਜੋਂ ਉੱਭਰੀ। ਕਾਂਗਰਸ ਨੂੰ 27.44% ਵੋਟਾਂ ਨਾਲ ਦੂਸਰੇ ਥਾਂ 'ਤੇ ਹੀ ਸਬਰ ਕਰਨਾ ਪਿਆ।




ਅਕਾਲੀ ਦਲ ਬਾਦਲ 17.85% ਵੋਟਾਂ ਲੈ ਕੇ ਤੀਸਰੇ ਅਤੇ ਭਾਰਤੀ ਜਨਤਾ ਪਾਰਟੀ 15.19% ਵੋਟਾਂ ਲੈ ਕੇ ਚੌਥੇ ਸਥਾਨ 'ਤੇ ਰਹੀ। ਸਾਡੇ ਭਾਰਤੀ- ਸੰਵਿਧਾਨ ਮੁਤਾਬਿਕ ਭਾਵੇਂ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਪਰ ਦੂਸਰੇ ਪਾਸੇ ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਕਰੀਬ 45% ਵੋਟਰਾਂ ਨੇ ਵੋਟਾਂ ਵਿਚ ਹਿੱਸਾ ਹੀ ਨਹੀਂ ਲਿਆ ਅਤੇ ਆਮ ਆਦਮੀ ਪਾਰਟੀ ਨੂੰ 34.05% ਵੋਟਾਂ ਪ੍ਰਾਪਤ ਹੋਈਆਂ। ਸਿੱਧਾ ਜਿਹਾ ਮਤਲਬ ਹੈ ਕਿ ਕਰੀਬ 66% ਲੋਕ ਆਮ ਆਦਮੀ ਪਾਰਟੀ ਦੀ ਕਾਰਜਸ਼ੈਲੀ ਤੋਂ ਸੰਤੁਸ਼ਟ ਨਹੀਂ ਹਨ। ਵੋਟਾਂ ਦੇ ਚੋਣ ਨਤੀਜੇ ਦੇ ਤੀਸਰੇ ਦਿਨ ਹੀ ਬਿਜਲੀ ਬਿੱਲਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਜਿਸ ਕਰਕੇ ਲੋਕਾਂ ਵਿਚ ਰੋਹ ਪਨਪਿਆ ਹੈ। ਆਮ ਆਦਮੀ ਪਾਰਟੀ ਦੀ ਜਿੱਤ ਨੂੰ ਕੇਵਲ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਨੀਤੀਆਂ ਨੂੰ ਹੀ ਨਹੀਂ ਮੰਨਿਆ ਜਾ ਸਕਦਾ। ਦਰਅਸਲ ਪੰਜਾਬ ਦੇ ਲੋਕ ਦੋਵਾਂ ਰਵਾਇਤੀ ਪਾਰਟੀਆਂ ਤੋਂ ਉਕਤਾ ਚੁੱਕੇ ਹਨ ਅਤੇ ਨਵੇਂ ਤਜ਼ਰਬੇ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਭੁਗਤਦੇ ਹਨ। ਸਾਨੂੰ ਸਮਝਣ ਦੀ ਲੋੜ ਹੈ ਕਿ ਵੋਟਾਂ ਦੀ ਲਾਲਸਾ ਕਰਕੇ ਸਾਰੀਆਂ ਪਾਰਟੀਆਂ ਪੰਜਾਬ ਦੇ ਮੁੱਖ ਮੁੱਦੇ ਪਾਣੀ, ਪੰਜਾਬ ਦੀ ਰਾਜਧਾਨੀ ਅਤੇ ਵੱਧ ਅਧਿਕਾਰਾਂ ਵਰਗੇ ਮੁੱਦਿਆਂ ਤੋਂ ਅੱਖਾਂ ਮੁੰਦੀ ਬੈਠੀਆਂ ਹਨ। ਪੰਜਾਬ ਦੀ ਨੌਕਰਸ਼ਾਹੀ ਨੂੰ ਰੁਜ਼ਗਾਰ ਦੇਣ ਅਤੇ ਉਨ੍ਹਾਂ ਵਿਚ ਇਹ ਭਾਵਨਾ ਪੈਦਾ ਕਰਨ ਵਿਚ ਕਿ ਪੰਜਾਬ ਵਿਚ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੈ, ਸਰਕਾਰਾਂ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਆਈ ਸਰਕਾਰ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਕ ਸਾਲ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 29,000 ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ ਪਰ ਬਹੁਤਿਆਂ ਨੂੰ ਨਿਯੁਕਤੀ ਪੱਤਰ ਮਿਲਣ ਦੇ ਬਾਵਜੂਦ ਸਟੇਸ਼ਨ ਹੀ ਅਲਾਟ ਨਹੀਂ ਕੀਤੇ ਜਾ ਸਕੇ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਭੱਖਦੇ ਮਸਲਿਆਂ ਨੂੰ ਹੱਲ ਕਰਨ ਲਈ ਸਾਰਥਿਕ ਯਤਨ ਕੀਤੇ ਜਾਣ। ਕੇਵਲ ਸਤਾ ਦੀ ਲਾਲਸਾ ਵਿਚ ਵਾਧੂ ਰਿਆਇਤਾਂ ਦੇਣੀਆਂ ਬੰਦ ਕਰਕੇ ਲੋਕਾਂ ਵਿਚ ਕਿਰਤ ਪ੍ਰਤੀ ਉਤਸ਼ਾਹ ਪੈਦਾ ਕੀਤਾ ਜਾਵੇ। ਅਸੀਂ ਸਰਕਾਰ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪੰਜਾਬ ਦੀ ਨੌਜਵਾਨੀ ਨੂੰ ਬਾਹਰ ਜਾਣ ਤੋਂ ਰੋਕਣ ਲਈ ਢੁੱਕਵੇਂ ਰੁਜ਼ਗਾਰ ਮੌਕੇ ਪੈਦਾ ਕੀਤੇ ਜਾਣ ਤਾਂ ਜੋ ਨੌਜਵਾਨ ਜਿੱਥੇ ਆਪਣੇ ਪੈਰਾਂ ਉੱਪਰ ਖੜ੍ਹਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਸਕਣ ਅਤੇ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿਚ ਆਪਣਾ ਯੋਗਦਾਨ ਪਾ ਸਕਣ।ਅਸੀਂ ਆਸ ਕਰਦੇ ਹਾਂ ਕਿ ਮਨ-ਲਭਾਊ ਲਾਰਿਆਂ ਦੀ ਬਜਾਏ ਠੋਸ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਜੋ ਸਮਾਜ ਦਾ ਹਰ ਵਰਗ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸੂਬੇ ਦੀ ਵਧੀਆ ਦੇਖ ਬਨਾਉਣ ਲਈ ਅੱਗੇ ਹੋ ਕੇ ਕੰਮ ਕਰ ਸਕੇ।

NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com




# ਘਰ ਬੈਠੇ ਬਣਾਓ ਜਲ ਜੀਰਾ



**ਭਿੱਜੀ ਇਮਲੀ**—ਇਕ ਚਮਚ ਸਖ਼ਤ ਪੈਕ ਕੀਤੀ ਇਮਲੀ 1/4 ਗ੍ਰਾਮ ਗਰਮ ਪਾਣੀ ਵਿਚ 20 ਮਿੰਟ ਲਈ ਭਿਉਂ ਦਿਉ।

**ਜਲ ਜੀਰਾ ਚਟਨੀ ਬਣਾਉਣਾ**—1/3 ਕੱਪ ਖੁੱਲ੍ਹੇ ਤਾਜ਼ਾ ਬੱਝੇ ਪੁਦੀਨੇ ਦੀਆਂ ਵਧੀਆ ਢੰਗ ਨਾਲ ਧੋਤੀਆਂ ਪੱਤੀਆਂ ਨੂੰ ਇਕ ਛੋਟੇ ਗ੍ਰੈਂਡਰ ਜਾਰ ਵਿਚ ਪਾ ਲਓ। ਸਿਰਫ਼ ਪਦੀਨੇ ਦੇ ਪੱਤੇ ਹੀ ਵਰਤੋ। ਸਟੈਮਜ਼ ਵਿਚ ਨਾ ਮਿਲਾ?, ਕਿਉਂਕਿ ਜਲ ਜੀਰਾ ਕੌੜਾ ਹੋ ਸਕਦਾ ਹੈ। ਹੁਣ ਪੀਸੇ ਹੋਏ ਪੁਦੀਨੇ ਵਿਚ ਭਿੱਜੀ ਹੋਈ ਇਮਲੀ ਦਾ ਪਾਣੀ ਮਿਲਾ ਦਿਓ ਇਹ ਦੇਖ ਲਵੋ ਕਿ ਇਮਲੀ ਦੇ ਬੀਜ ਵਿਚ ਨਾ ਹੋਣ।

**ਇਸ ਤੋਂ ਬਾਅਦ ਹੇਠ ਲਿਖੇ ਮਸਾਲੇ ਵਿਚ ਰਲਾ ਦਿਉ**:-1.5 ਚਮਚ ਜੀਰੇ ਦੇ ਬੀਜ, ਇਕ ਚਮਚ ਫੈਨਿਲ, ਅੱਧਾ ਚਮਚ ਕਾਲੀ ਮਿਰਚ, ਇਕ ਮੋਟੀ ਕਾਲੀ ਇਲਾਇਚੀ ਦੇ ਕੱਢੇ ਬੀਜ ਥੋੜ੍ਹੇ ਜਿਹੇ ਰਗੜ ਲਵੋ। ਇਕ ਚਮਚ ਅੰਬਚੂਰ ਮਿਲਾ ਲਓ। ਇਕ ਚਮਚ ਚਾਟ ਮਸਾਲਾ, ਇਕ ਚੁਟਕੀ ਹਿੰਗ ਅਤੇ ਲੋੜ ਅਨੁਸਾਰ ਕਾਲਾ ਲੂਣ ਮਿਲਾ ਲਓ। ਜੇਕਰ ਤੁਹਾਡੇ ਕੋਲ ਅੰਬਚੂਰ ਨਹੀਂ ਹੈ ਤਾਂ ਫੇਰ ਤੁਸੀਂ ਥੋੜ੍ਹਾ ਜਿਹਾ ਨਿੰਬੂ ਦਾ ਰਸ ਵੀ ਮਿਲਾ ਸਕਦੇ ਹੋ। ਤੁਸੀਂ ਸਮੁੰਦਰੀ ਲੂਣ ਵੀ ਵਰਤ ਸਕਦੇ ਹੋ। ਇਸ ਸਾਰੇ ਮਸਾਲੇ ਨੂੰ ਚਟਨੀ ਵਾਂਗ ਰਗੜੋ। ਜੇ ਤੁਸੀਂ ਸਿਰਫ਼ ਸਟਰੇਨ ਚਟਨੀ ਹੀ ਚਾਹੁੰਦੇ ਹੋ ਤਾਂ ਚਾਹ ਸਟਰੇਨਰ ਵਰਤੋ।

**ਜਲ ਜੀਰਾ ਬਣਾਉਣਾ**—ਜਲ ਜੀਰਾ ਚਟਨੀ ਇਕ ਕੌਲੀ ਵਿਚ ਰੱਖ ਦਿਓ। ਡੇਢ ਕੱਪ ਪਾਣੀ ਵੀ ਰਲਾ ਦਿਓ। ਇਨ੍ਹਾਂ ਸਭ ਨੂੰ ਚੰਗੀ ਤਰ੍ਹਾਂ ਮਿਲਾ ਲ?। ਇਸ ਦਾ ਸਵਾਦ ਦੇਖੋ ਅਤੇ ਜੇਕਰ ਲੋੜ ਹੈ ਤਾਂ ਲੂਣ ਅਤੇ ਅੰਬਚੂਰ ਹੋਰ ਮਿਲਾ ਦਿਓ। ਤੁਸੀਂ ਨਿੰਬੂ ਰਸ ਵੀ ਜੇਕਰ ਲੋੜ ਹੈ ਤਾਂ ਮਿਲਾ ਸਕਦੇ ਹੋ। ਜੇਕਰ ਜਲ ਜੀਰੇ ਦਾ ਸਵਾਦ ਕੌੜਾ ਹੈ ਤਾਂ ਕੁਝ ਨਿੰਬੂ ਰਸ ਕੁਡੱਤਣ ਮੁਤਾਬਿਕ ਰਲਾ ਲਵੋ। ਫਿਰ ਇਸ ਨੂੰ ਕੁਝ ਘੰਟੇ ਫਰਿੱਜ ਵਿਚ ਰੱਖ ਦਿਓ। ਤੁਸੀਂ ਕੁਝ ਬੂੰਦੀ, ਇਕ ਚੂੰਢੀ ਚਾਟ ਮਸਾਲਾ ਅਤੇ ਪੁਦੀਨੇ ਦੇ ਕੁਝ ਪੱਤੇ ਹਰ ਇਕ ਗਲਾਸ ਵਿਚ ਰਲਾ ਸਕਦੇ ਹੋ। ਬੂੰਦੀ ਪਾਣੀ ਵਿਚ ਅੱਧਾ ਘੰਟਾ ਭਿਉਂਤੀ ਹੋਵੇ। ਬਾਅਦ ਵਿਚ ਬੂੰਦੀ 'ਚੋਂ ਪਾਣੀ ਨੂੰ ਨਿਚੋੜੋ ਅਤੇ ਇਕ ਪਾਸੇ ਰੱਖ ਦਿਓ। ਬੂੰਦੀ ਜਲ ਜੀਰਾ




# ਕਸ਼ਮੀਰੀ ਖੀਰ



### ਸਮੱਗਰੀ

300 ਗ੍ਰਾਮ ਚਾਵਲ ਸਫੈਦ, 2 ਲੀਟਰ ਦੁੱਧ, 12 ਚਮਚ ਸੁੱਕਾ ਦੁੱਧ ਪਾਊਡਰ, 2 ਕੱਪ ਕਾਜੂ ਅਤੇ ਬਾਦਾਮ, 8-10 ਖਜ਼ੂਰ ਬਿਨਾਂ ਗਿਟਕ, 6 ਚਮਚ ਵੱਡੇ ਚੀਨੀ ਅਤੇ ਚੁਟਕੀ ਕੇਸਰ।

### ਬਣਾਉਣ ਦਾ ਤਰੀਕਾ

ਬਨਾਉਣ ਤੋਂ ਪਹਿਲਾਂ ਚਾਵਲਾਂ ਨੂੰ ਘੱਟੋ-ਘੱਟ 2 ਘੰਟੇ ਸਾਫ਼ ਪਾਣੀ ਵਿਚ ਭਿਉਂ ਕੇ ਰੱਖੋ। ਇਸੇ ਤਰ੍ਹਾਂ ਬਦਾਮ, ਕਾਜੂ ਅਤੇ ਖਜ਼ੂਰ ਨੂੰ ਵੀ ਇਕ ਘੰਟਾ ਗਰਮ ਪਾਣੀ ਵਿਚ ਭਿਉਂ ਕੇ ਰੱਖੋ। ਕਿਸੇ ਬਰਤਨ ਵਿਚ 2 ਕੱਪ ਦੁੱਧ ਵਿਚ ਸੁੱਕਾ ਦੁੱਧ ਪਾਊਡਰ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ ਅਤੇ ਇਸ ਨੂੰ ਉਬਾਲ ਲਵੋ। ਫਿਰ ਇਸ ਘੋਲ ਵਿਚ ਚਾਵਲ ਪਾ ਕੇ ਉਬਾਲੋ ਅਤੇ ਚੀਨੀ ਪਾ ਦਿਓ। ਜਦ ਇਹ ਮਿਸ਼ਰਣ ਉੱਬਲਣ ਲੱਗੇ ਤਾਂ ਇਸ ਵਿਚ ਬਦਾਮ, ਕਾਜੂ ਅਤੇ ਖਜ਼ੂਰ ਪਾ ਦਿਓ। ਹੁਣ ਇਸ ਮਿਸ਼ਰਣ ਨੂੰ ਇਕ ਘੰਟੇ ਤੱਕ ਚੰਗੀ ਤਰ੍ਹਾਂ ਪਕਾਓ। ਜਦ ਨਟਸ ਜਮ੍ਹਾਂ ਹੋ ਜਾਣ ਤਾਂ ਚੁੱਲੇ ਤੋਂ ਉਤਾਰਕੇ ਕੇਸਰ ਦੀਆਂ ਤੁਟੀਆਂ ਨਾਲ ਸਜਾ ਕੇ ਠੰਢਾ ਕਰਕੇ ਸਰਵ ਕਰੋ।

# ਕਸ਼ਮੀਰੀ ਪਨੀਰ ਟਿੱਕਾ ਮਸਾਲਾ



**ਸਮੱਗਰੀ**—500 ਗ੍ਰਾਮ ਪਨੀਰ, 4 ਚਮਚ ਕੱਟਿਆ ਹਰਾ ਧਨੀਆ।

**ਮੈਰੀਨੇਟ ਕਰਨ ਲਈ**—1 ਕੱਪ ਦਹੀਂ, 1 ਛੋਟਾ ਚਮਚ ਲਾਲ ਮਿਰਚ ਪਾਊਡਰ, 2 ਚਮਚ ਵੱਡੇ ਨਿੰਬੂ ਦਾ ਰਸ, 1 ਚਮਚ ਛੋਟਾ ਕਾਲੀ ਮਿਰਚ, 1 ਚਮਚ ਗਰਮ ਮਸਾਲਾ, 1/2 ਚਮਚ ਜੀਰਾ ਪਾਊਡਰ ਅਤੇ ਨਮਕ ਸਵਾਦ ਅਨੁਸਾਰ।

**ਟਿੱਕਾ ਮਸਾਲਾ ਲਈ ਸਾਮਾਨ**—2 ਛੋਟੇ ਕੱਟੇ ਹੋਏ ਪਿਆਜ਼, 2 ਛੋਟੀਆਂ ਲਾਲ ਸ਼ਿਮਲਾ ਮਿਰਚ, 1/2 ਕੱਪ ਭਿੱਜੀ ਬਦਾਮ ਗਿਰੀ, 1/2 ਕੱਪ ਸੌਂਗੀ, 4 ਕੱਟੇ ਹੋਏ ਟਮਾਟਰ, 1/2 ਕੱਪ ਕ੍ਰੀਮ, 1/2 ਚਮਚ ਲਾਲ ਮਿਰਚ ਪਾਊਡਰ, 1/2 ਚਮਚ ਗਰਮ ਮਸਾਲਾ ਅਤੇ ਨਮਕ ਸਵਾਦ ਅਨੁਸਾਰ।

**ਵਿਧੀ**—1 ਬਾਊਲ ਵਿਚ ਮੈਰੀਨੇਟ ਕਰਨ ਲਈ ਸਾਰਾ ਸਾਮਾਨ ਮਿਲਾ ਕੇ ਇਸ ਵਿਚ ਪਨੀਰ ਦੇ ਟੁੱਕੜੇ ਪਾ ਦਿਓ ਅਤੇ ਕਰੀਬ 50 ਮਿੰਟ ਲਈ ਵੱਖਰਾ ਰੱਖ ਦਿਓ। ਬਾਅਦ ਵਿਚ ਇਹ ਗਰਿਲ ਪੈਨ ਵਿਚ ਪਨੀਰ ਨੂੰ ਚਾਰੇ ਪਾਸਿਓਂ ਸੁਨਹਿਰਾ ਹੋਣ ਤੱਕ ਭੁੰਨੋ। ਇਕ ਹੋਰ ਪੈਨ ਵਿਚ 5 ਚਮਚ ਘਿਓ ਪਾ ਕੇ ਟਿਕਾ ਮਸਾਲੇ ਦਾ ਸਾਮਾਨ ਪਾ ਕੇ ਭੂਰਾ ਹੋਣ ਤੱਕ ਭੁੰਨੋ। ਫਿਰ ਟਮਾਟਰ ਪਾ ਕੇ 3-4 ਮਿੰਟ ਬੁੰਨੋ। ਬਾਅਦ ਵਿਚ ਮੈਰੀਨੇਟਡ ਮਿਸ਼ਰਣ ਕ੍ਰੀਮ, ਨਮਕ ਅਤੇ ਗਰਮ ਮਸਾਲਾ ਪਾਓ ਅਤੇ 5-7 ਮਿੰਟ ਤਕ ਪਕਾਓ। ਹੁਣ ਗਰਿਲਡ ਪਨੀਰ ਦੇ ਟੁਕੜੇ ਪਾ ਕੇ ਹਰੇ ਧਨੀਏ ਦੇ ਪੱਤਿਆਂ ਨਾਲ ਸਜ਼ਾ ਕੇ ਸਰਵ ਕਰੋ।

# ਗਿੱਲ ਨੇ ਗਰਮੀ 'ਚ ਵਧਾਇਆ ਇੰਟਰਨੈੱਟ ਦਾ ਪਾਰਾ

## ਸ਼ਹਿਨਾਜ਼ ਗਿੱਲ ਦਾ ਬੀਚ ਕੰਢੇ ਦਿਸਿਆ ਬੋਲਡ ਅੰਦਾਜ਼







ਬਿਆਸ-'ਬਿੱਗ ਬੌਸ 13' ਤੋਂ ਪ੍ਰਸਿੱਧੀ ਹਾਸਲ ਕਰਨ ਵਾਲੀ ਸ਼ਹਿਨਾਜ਼ ਗਿੱਲ ਹੁਣ ਕਿਸੇ ਜਾਣ-ਪਛਾਣ 'ਤੇ ਨਿਰਭਰ ਨਹੀਂ ਹੈ। ਉਸ ਦਾ ਸਟਾਰਡਮ ਇਨਾ ਵੱਧ ਗਿਆ ਹੈ ਕਿ ਹੁਣ ਉਹ ਹਿੰਦੀ ਸਿਨੇਮਾ ਦੇ ਵੱਡੇ ਪਰਦੇ 'ਤੇ ਵੀ ਨਜ਼ਰ ਆਉਣ ਲੱਗ ਪਈ ਹੈ। ਹਾਲ ਹੀ 'ਚ ਉਸ ਦੀ ਪਹਿਲੀ ਬਾਲੀਵੁੱਡ ਫ਼ਿਲਮ 'ਕਿਸੀ ਕਾ ਭਾਈ ਕਿਸੀ ਕੀ ਜਾਨ' ਰਿਲੀਜ਼ ਹੋਈ ਸੀ, ਜਿਸ ਨੇ ਬਾਕਸ ਆਫਿਸ 'ਤੇ ਚੰਗਾ ਕਾਰੋਬਾਰ ਕੀਤਾ ਸੀ। ਫ਼ਿਲਮੀ ਪ੍ਰਾਜੈਕਟਾਂ ਤੋਂ ਇਲਾਵਾ ਸ਼ਹਿਨਾਜ਼ 'ਦੇਸੀ ਵਾਈਬਜ਼ ਵਿਦ ਸ਼ਹਿਨਾਜ਼ ਗਿੱਲ' ਦੀ ਮੇਜ਼ਬਾਨੀ ਕਰਦੀ ਹੈ, ਜਿਸ 'ਚ ਸਿਨੇਮਾ ਜਗਤ ਦੇ ਕਈ ਸਿਤਾਰੇ ਹਿੱਸਾ ਲੈਂਦੇ ਹਨ। ਇਕ ਤਰ੍ਹਾਂ ਨਾਲ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸ਼ਹਿਨਾਜ਼ ਨੇ ਕਈ ਪਲੇਟਫਾਰਮਜ਼ 'ਤੇ ਆਪਣਾ ਹੁਨਰ ਦਿਖਾਇਆ ਹੈ। ਹੁਣ ਇਸ ਕੰਮ ਤੋਂ ਬ੍ਰੇਕ ਲੈਂਦਿਆਂ ਸ਼ਹਿਨਾਜ਼ ਨੇ ਬੀਚ 'ਤੇ ਬੋਲਡ ਫੋਟੋਸ਼ੂਟ ਕਰਵਾਇਆ ਹੈ। ਸ਼ਹਿਨਾਜ਼ ਗਿੱਲ ਇਨ੍ਹੀਂ ਦਿਨੀਂ ਫੁਕੇਟ 'ਚ ਛੁੱਟੀਆਂ ਦਾ ਆਨੰਦ ਮਾਣ ਰਹੀ ਹੈ। ਵਿਦੇਸ਼ਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਮਾਣ ਰਹੀ ਸ਼ਹਿਨਾਜ਼ ਨੇ ਲਾਲ ਰੰਗ ਦੀ ਮਿੰਨੀ ਡਰੈੱਸ 'ਚ ਬੀਚ ਸਾਈਡ ਦੀ ਫੋਟੋ ਸ਼ੇਅਰ ਕੀਤੀ ਹੈ। ਗਿੱਲੇ ਵਾਲਾਂ ਤੇ ਗਿੱਲੇ ਪਹਿਰਾਵੇ 'ਚ ਉਹ ਬਹੁਤ ਖ਼ੂਬਸੂਰਤ ਲੱਗ ਰਹੀ ਹੈ। ਸ਼ਹਿਨਾਜ਼ ਦੀ ਮਨਮੋਹਕ ਖ਼ੂਬਸੂਰਤੀ ਨੂੰ ਦੇਖ ਕੇ ਪ੍ਰਸ਼ੰਸਕ ਉਸ ਦੀ ਤਾਰੀਫ਼ ਕਰਨ ਤੋਂ ਖ਼ੁਦ ਨੂੰ ਰੋਕ ਨਹੀਂ ਸਕੇ। ਇਕ ਯੂਜ਼ਰ ਨੇ ਲਿਖਿਆ, "ਸਮੁੰਦਰ ਜ਼ਿਆਦਾ ਖ਼ੂਬਸੂਰਤ ਲੱਗ ਰਿਹਾ ਹੈ ਤੇ ਰੇਤ ਜ਼ਿਆਦਾ ਕ੍ਰਿਸਟਲ ਲੱਗ ਰਹੀ ਹੈ ਕਿਉਂਕਿ ਸਾਡੀ ਰਾਣੀ ਹਰ ਚੀਜ਼ ਨੂੰ ਖ਼ਾਸ ਬਣਾਉਂਦੀ ਹੈ।" ਸ਼ਹਿਨਾਜ਼ ਪੰਜਾਬੀ ਫ਼ਿਲਮ ਇੰਡਸਟਰੀ ਦੀ ਇਕ ਅਦਾਕਾਰਾ ਹੈ। ਉਸ ਨੇ 'ਹੌਸਲਾ ਰੱਖ' ਤੇ 'ਕਾਲਾ ਸ਼ਾਹ ਕਾਲਾ' ਵਰਗੀਆਂ ਕਈ ਫ਼ਿਲਮਾਂ 'ਚ ਕੰਮ ਕੀਤਾ ਹੈ। ਇਸ ਦੇ ਨਾਲ ਹੀ 'ਕਿਸੀ ਕਾ ਭਾਈ ਕਿਸੀ ਕੀ ਜਾਨ' ਤੋਂ ਬਾਅਦ ਬਾਲੀਵੁੱਡ 'ਚ ਚਰਚਾ ਹੈ ਕਿ ਸ਼ਹਿਨਾਜ਼ ਕੋਲ ਸਾਜਿਦ ਖ਼ਾਨ ਦੀ '100 ਪਰਸੈਂਟ' ਹੈ। ਇਸ ਫ਼ਿਲਮ 'ਚ ਉਹ ਨੋਰਾ ਫਤੇਹੀ, ਰਿਤੇਸ਼ ਦੇਸ਼ਮੁਖ ਤੇ ਜੌਨ ਅਬ੍ਰਾਹਮ ਨਾਲ ਸਕ੍ਰੀਨ ਸਪੇਸ ਸ਼ੇਅਰ ਕਰਦੀ ਨਜ਼ਰ ਆਵੇਗੀ।

# ਪਹਿਲੀ ਵਾਰ ਇਕੱਠਿਆਂ ਨਜ਼ਰ ਆਉਣਗੇ ਅਜੈ ਦੇਵਗਨ ਤੇ ਆਰ ਮਾਧਵਨ



ਮੁੰਬਈ-ਸੁਪਰਸਟਾਰ ਅਜੈ ਦੇਵਗਨ ਅਤੇ '3 ਇਡੀਅਟਸ' ਸਟਾਰ ਆਰ. ਮਾਧਵਨ ਹੌਰਰ-ਥ੍ਰਿਲਰ ਫਿਲਮ 'ਚ ਨਜ਼ਰ ਆਉਣਗੇ। ਇਸ ਫਿਲਮ ਦਾ ਨਾਂ ਹਾਲੇ ਤੈਅ ਨਹੀਂ ਹੋਇਆ ਪਰ ਇਸ ਫਿਲਮ ਦੀ ਸ਼ੂਟਿੰਗ ਇਸ ਸਾਲ ਜੂਨ ਵਿਚ ਸ਼ੁਰੂ ਹੋਵੇਗੀ। ਇਹ ਦੋਵੇਂ ਅਦਾਕਾਰ ਪਹਿਲੀ ਵਾਰ ਇਕੱਠਿਆਂ ਸਕਰੀਨ ਸਾਂਝੀ ਕਰਨਗੇ ਜਿਸ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਉਤਸ਼ਾਹ ਵਧ ਗਿਆ ਹੈ। ਇਸ ਸਬੰਧੀ ਦੋਵਾਂ ਦੇ ਪ੍ਰਸ਼ੰਸਕਾਂ ਨੇ ਸੋਸ਼ਲ ਮੀਡੀਆਂ 'ਤੇ ਹਾਂ-ਪੱਖੀ ਟਿੱਪਣੀਆਂ ਕੀਤੀਆਂ ਹਨ। ਇਸ ਫਿਲਮ ਦਾ ਨਿਰਦੇਸ਼ਨ ਵਿਕਾਸ ਬਹਿਲ ਕਰਨਗੇ ਜਿਨ੍ਹਾਂ ਨੇ ਕੌਮੀ ਐਵਾਰਡ ਜੇਤੂ ਫਿਲਮ 'ਕੁਈਨ' ਦਾ ਨਿਰਦੇਸ਼ਨ ਕੀਤਾ ਹੈ। ਇਹ ਫਿਲਮ ਫਿਲਹਾਲ ਮੁੱਢਲੇ ਪੜਾਅ 'ਤੇ ਹੈ ਜਿਸ ਦੀ ਸ਼ੂਟਿੰਗ ਮੁੰਬਈ, ਮਸੂਰੀ ਅਤੇ ਲੰਡਨ ਵਿੱਚ ਕੀਤੀ ਜਾਵੇਗੀ। ਅਜੈ ਦੇਵਗਨ ਇਸ ਫਿਲਮ ਵਿਚ ਅਦਾਕਾਰੀ ਕਰਨ ਤੋਂ ਇਲਾਵਾ ਫਿਲਮ ਦਾ ਨਿਰਮਾਣ ਵੀ ਕਰ ਰਹੇ ਹਨ ਤੇ ਇਹ ਫਿਲਮ ਅਜੈ ਦੇਵਗਨ ਫਿਲਮਜ਼ ਤੇ ਪੈਨੋਰਮਾ ਸਟੂਡੀਓਜ਼ ਦੇ ਬੈਨਰ ਹੇਠ ਤਿਆਰ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਅਜੈ ਦੇਵਗਨ ਦੀ ਫਿਲਮ 'ਭੋਲਾ' ਵਿਚ ਕੰਮ ਕੀਤਾ ਸੀ ਜਿਸ ਨੇ 112 ਕਰੋੜ ਦੀ ਕਮਾਈ ਕੀਤੀ ਸੀ। ਇਸ ਤੋਂ ਪਹਿਲਾਂ ਅਜੈ ਦੀ ਫਿਲਮ 'ਦ੍ਰਿਸ਼ਯਮ 2' ਨੇ ਦੁਨੀਆ ਭਰ ਵਿੱਚ 345 ਕਰੋੜ ਰੁਪਏ ਜੁਟਾਏ ਸਨ।

# ਅਮਿਤਾਭ ਬੱਚਨ ਨੂੰ ਲਿਫ਼ਟ ਦੇਣੀ ਪਈ ਮਹਿੰਗੀ

## ਹੈਲਮੇਟ ਨਾ ਪਾਉਣ 'ਤੇ ਬਾਈਕ ਚਾਲਕਾਂ ਨੂੰ ਜੁਰਮਾਨਾ

ਮੁੰਬਈ-ਮੁੰਬਈ ਪੁਲੀਸ ਨੇ ਸ਼ਹਿਰ ਵਿੱਚ ਅਮਿਤਾਭ ਬੱਚਨ ਅਤੇ ਅਨੁਸ਼ਕਾ ਸ਼ਰਮਾ ਨੂੰ 'ਲਿਫਟ' ਦੇਣ ਸਮੇਂ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਹੈਲਮੇਟ ਨਾ ਪਾਉਣ 'ਤੇ ਜੁਰਮਾਨਾ ਕੀਤਾ ਹੈ। ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਨਿਯਮਾਂ ਦੀ ਉਲੰਘਣਾ ਦਾ ਮੁੱਦਾ ਉਠਾਏ ਜਾਣ ਤੋਂ ਬਾਅਦ ਦੋਵਾਂ ਮਾਮਲਿਆਂ 'ਚ ਇਹ ਕਾਰਵਾਈ ਕੀਤੀ ਗਈ। ਮੁੰਬਈ ਟ੍ਰੈਫਿਕ ਪੁਲੀਸ ਨੇ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਵਾਹਨ ਦੇ ਦੋਵਾਂ ਚਾਲਕਾਂ ਵਿਰੁੱਧ ਮੰਗਲਵਾਰ ਨੂੰ ਜਾਰੀ ਕੀਤੇ ਚਲਾਨ ਦੀਆਂ ਕਾਪੀਆਂ ਸਾਂਝੀਆਂ ਕੀਤੀਆਂ।



### ਅਮਿਤਾਭ ਬੱਚਨ ਵੱਲੋਂ ਮਦਦ ਲਈ ਅਣਜਾਣ ਬੰਦੇ ਦਾ ਧੰਨਵਾਦ

ਮੁੰਬਈ-ਸੁਪਰਸਟਾਰ ਅਮਿਤਾਭ ਬੱਚਨ ਨੇ ਆਵਾਜਾਈ ਜਾਮ ਵਿੱਚੋਂ ਨਿਕਲਣ ਅਤੇ ਸ਼ੂਟਿੰਗ 'ਤੇ ਸਮੇਂ ਸਿਰ ਪਹੁੰਚਾਉਣ ਵਾਲੇ ਇੱਕ ਅਣਜਾਣ ਵਿਅਕਤੀ ਦਾ ਧੰਨਵਾਦ ਕੀਤਾ ਹੈ। ਅਮਿਤਾਭ (80) ਨੇ ਇੰਸਟਾਗ੍ਰਾਮ 'ਤੇ ਮੋਟਰਸਾਈਕਲ ਚਾਲਕ ਨਾਲ ਐਤਵਾਰ ਰਾਤ ਨੂੰ ਇੱਕ ਤਸਵੀਰ ਸਾਂਝੀ ਕੀਤੀ ਹੈ। ਉਸ ਨੇ ਇਸ ਤਸਵੀਰ ਨਾਲ ਲਿਖਿਆ, "ਮੈਨੂੰ ਮੋਟਰਸਾਈਕਲ 'ਤੇ ਬਿਠਾਉਣ ਲਈ ਮਿਹਰਬਾਨੀ ਦੋਸਤ, ਤੁਹਾਨੂੰ ਨਹੀਂ ਪਤਾ ਪਰ ਤੁਹਾਡੀ ਵਜ੍ਹਾ ਕਰ ਕੇ ਮੈਂ ਸ਼ੂਟਿੰਗ 'ਤੇ ਸਮੇਂ ਸਿਰ ਪੁੱਜ ਸਕਿਆ। ਜਾਮ ਤੋਂ ਬਚਾਉਣ ਲਈ ਧੰਨਵਾਦ।" ਇਸ ਤਸਵੀਰ ਵਿੱਚ ਅਮਿਤਾਭ ਇੱਕ ਮੋਟਰਸਾਈਕਲ ਦੇ ਪਿੱਛੇ ਬੈਠੇ ਨਜ਼ਰ ਆ ਰਹੇ ਹਨ। ਫਿਲਮ ਸਨਅਤ ਦੇ ਕਈ ਲੋਕਾਂ ਨੇ ਅਮਿਤਾਭ ਦੀ ਮੋਟਰਸਾਈਕਲ ਚਾਲਕ ਨਾਲ ਬੈਠ ਕੇ ਜਾਣ ਦੀ ਸ਼ਲਾਘਾ ਕੀਤੀ ਹੈ। ਦੂਜੇ ਪਾਸੇ, ਕੁਝ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਇਹ ਸਵਾਲ ਖੜ੍ਹਾ ਕੀਤਾ ਕਿ ਮੋਟਰਸਾਈਕਲ ਚਾਲਕ ਅਤੇ ਅਮਿਤਾਭ ਬੱਚਨ, ਦੋਵਾਂ ਨੇ ਹੈਲਮੇਟ ਕਿਉਂ ਨਹੀਂ ਪਾਇਆ। ਇਕ ਵਿਅਕਤੀ ਨੇ ਲਿਖਿਆ ਹੈ, "ਹੈਲਮੇਟ ਕਿੱਥੇ ਹੈ ਸਰ।" ਅਮਿਤਾਭ ਬੱਚਨ ਇਨ੍ਹੀਂ ਦਿਨੀਂ ਫਿਲਮ 'ਸੈਕਸ਼ਨ-84' ਦੀ ਸ਼ੂਟਿੰਗ ਵਿੱਚ ਰੁੱਝੇ ਹੋਏ ਹਨ। ਇਸ ਫਿਲਮ ਦਾ ਨਿਰਦੇਸ਼ਨ ਰਿਭੂ ਦਾਸਗੁਪਤਾ ਕਰ ਰਹੇ ਹਨ।

TSM GALLERY

High quality artwork for your home or business,
religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



# 'ਲਹਿਬਰਗਿੰਨੀ' ਫ਼ਿਲਮ ਨਾਲ ਰਣਜੀਤ ਬਾਵਾ ਮੁੜ ਦਰਸ਼ਕਾਂ ਦਾ ਦਿਲ ਜਿੱਤਣ ਲਈ ਤਿਆਰ



ਚੰਡੀਗੜ੍ਹ-ਆਉਣ ਵਾਲੀ ਰੋਮ-ਕੋਮ 'ਲਹਿਬਰਗਿੰਨੀ' ਦਾ ਟਰੇਲਰ ਰਿਲੀਜ਼ ਹੋ ਗਿਆ ਹੈ ਤੇ ਲੰਬੇ ਸਮੇਂ ਬਾਅਦ ਇਕ ਸਮਾਜਿਕ ਸੰਦੇਸ਼ ਦੇ ਨਾਲ ਇਕ ਬਹੁਤ ਹੀ ਵਿਲੱਖਣ ਤੇ ਇਸ ਦਿਲਚਸਪ ਕਹਾਣੀ ਦੇ ਨਾਲ ਰਣਜੀਤ ਬਾਵਾ ਨੂੰ ਇਕ ਵਾਰ ਫਿਰ ਵੱਡੇ ਪਰਦੇ 'ਤੇ ਦੇਖਣ ਲਈ ਦਰਸ਼ਕਾਂ ਦੀ ਉਡੀਕ ਨੂੰ ਖ਼ਤਮ ਕਰ ਦਿੱਤਾ ਹੈ। ਐੱਸ. ਐੱਸ. ਡੀ. ਪ੍ਰੋਡਕਸ਼ਨ, ਹੈਂਗਬੋਇਸ ਸਟੂਡੀਓਜ਼ ਤੇ 91 ਫ਼ਿਲਮ ਸਟੂਡੀਓਜ਼ ਮਿਲ ਕੇ ਫ਼ਿਲਮ 'ਲਹਿਬਰਗਿੰਨੀ' ਲੈ ਕੇ ਆ ਰਹੇ ਹਨ, ਜਿਸ 'ਚ ਰਣਜੀਤ ਬਾਵਾ ਮੁੱਖ ਭੂਮਿਕਾ 'ਚ ਹਨ। ਰਣਜੀਤ ਬਾਵਾ ਆਪਣੀ ਈਮਾਨਦਾਰ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਲਈ ਤਿਆਰ ਹਨ। ਫ਼ਿਲਮ ਦਾ ਨਾਂ ਇਸ ਪਿੱਛੇ ਦੀ ਕਹਾਣੀ ਨੂੰ ਦੇਖਣ ਲਈ ਦਿਲਚਸਪੀ ਜਗਾਉਂਦਾ ਹੈ ਤੇ ਰਣਜੀਤ ਬਾਵਾ ਦੇ ਨਾਲ ਇਹ ਦੇਖਣਾ ਹੋਰ ਵੀ ਦਿਲਚਸਪ ਹੋਵੇਗਾ ਕਿ ਉਹ ਲੰਬੇ ਸਮੇਂ ਬਾਅਦ ਆਪਣੇ ਦਰਸ਼ਕਾਂ ਲਈ ਕੀ ਲੈ ਕੇ ਆ ਰਹੇ ਹਨ। ਪੰਜਾਬੀ ਇੰਡਸਟਰੀ ਨੂੰ ਹਿੱਟ ਫ਼ਿਲਮਾਂ ਦੇਣ ਤੋਂ ਬਾਅਦ ਹੁਣ ਰਣਜੀਤ ਬਾਵਾ ਤੇ ਮਾਹਿਰਾ ਸ਼ਰਮਾ ਦੀ ਜੋੜੀ ਪਾਲੀਵੁੱਡ 'ਚ ਇਕ ਮਜ਼ੇਦਾਰ ਤੇ ਕਾਮੇਡੀ ਫ਼ਿਲਮ ਲੈ ਕੇ



ਆ ਰਹੀ ਹੈ। ਫ਼ਿਲਮ ਦੇ ਟਰੇਲਰ ਨੇ ਦਰਸ਼ਕਾਂ ਦਾ ਉਤਸ਼ਾਹ ਵਧਾ ਦਿੱਤਾ ਕਿਉਂਕਿ ਇਹ ਨਹੀਂ ਪਤਾ ਕਿ ਫ਼ਿਲਮ 'ਚ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ, ਗਲਤਫਹਿਮੀਆਂ ਤੇ ਉਲਝਣਾਂ ਹੋਣਗੀਆਂ ਤੇ ਰਣਜੀਤ ਬਾਵਾ ਇਸ ਨੂੰ ਕਿਵੇਂ ਹੱਲ ਕਰਨਗੇ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਵੱਖ-ਵੱਖ ਕਿਰਦਾਰ ਸਿਨੇਮਾਘਰਾਂ 'ਚ ਪਰਿਵਾਰ ਤੇ ਨੌਜਵਾਨ ਦਰਸ਼ਕਾਂ ਨੂੰ ਕਿਵੇਂ ਬੰਨ੍ਹ ਕੇ ਰੱਖਦੇ ਹਨ, ਜੋ ਫ਼ਿਲਮ ਦੇਖਣ ਤੋਂ ਬਾਅਦ ਹੀ ਸਾਫ ਹੋਵੇਗਾ। 'ਲਹਿਬਰਗਿੰਨੀ' ਦੇ ਹੋਰ ਸਸਪੈਂਸ ਨੂੰ ਦੂਰ ਕਰਨ ਲਈ ਹੁਣ ਸਾਰੇ ਫ਼ਿਲਮ ਰਿਲੀਜ਼ ਦੀ ਉਡੀਕ ਕਰ ਰਹੇ ਹਨ। ਰਣਜੀਤ ਬਾਵਾ ਤੇ ਮਾਹਿਰਾ ਸ਼ਰਮਾ ਮੁੱਖ ਭੂਮਿਕਾ 'ਚ ਹਨ। ਹੋਰ ਸਟਾਰ ਕਾਸਟ 'ਚ ਸਰਬਜੀਤ ਚੀਮਾ, ਨਿਰਮਲ ਰਿਸ਼ੀ, ਕਿਮੀ ਵਰਮਾ, ਸ਼ਿਵਮ ਸ਼ਰਮਾ, ਗੁਰਤੇਗ ਸਿੰਘ, ਅਸ਼ੋਕ ਤਾਂਗੜੀ ਤੇ ਗੁਰੀ ਸੰਧੂ ਸ਼ਾਮਲ ਹਨ। ਫ਼ਿਲਮ ਦਾ ਨਿਰਮਾਣ ਜੱਸ ਧਾਮੀ, ਸ਼ਬੀਲ ਸ਼ਮਸ਼ੇਰ ਸਿੰਘ, ਸੁਖਮਨਪ੍ਰੀਤ ਸਿੰਘ, ਨਵੀਨ ਚੰਦਰ ਤੇ ਨੰਦਿਤਾ ਰਾਓ ਕਰਨਾਡ ਨੇ ਕੀਤਾ ਹੈ। ਫ਼ਿਲਮ ਕੈਮ ਤੇ ਪਰਮ (ਹੈਸ਼ਟੈਗ ਸਟੂਡੀਓਜ਼ ਯੂ. ਕੇ.) ਵਲੋਂ ਸਹਿ-ਨਿਰਮਾਣ ਕੀਤਾ ਗਿਆ ਹੈ। ਫ਼ਿਲਮ ਨੂੰ ਈਸ਼ਾਨ ਚੋਪੜਾ ਨੇ ਲਿਖਿਆ ਤੇ ਡਾਇਰੈਕਟ ਕੀਤਾ ਹੈ, ਡਾਇਲਾਗ ਉਪਿੰਦਰ ਵੜੈਚ ਨੇ ਲਿਖੇ ਹਨ। ਵ੍ਹਾਈਟ ਹਿੱਲ ਸਟੂਡੀਓਜ਼ ਵਲੋਂ 2 ਜੂਨ, 2023 ਨੂੰ ਵਿਸ਼ਵ-ਵਿਆਪੀ ਰਿਲੀਜ਼ ਹੋਵੇਗੀ।

# ਦੀਪਿਕਾ ਫਿਰ ਕਹੇਗੀ 'ਯੇਹ ਜਵਾਨੀ ਯੇ ਦੀਵਾਨੀ'



ਯਸ਼ਰਾਜ ਫ਼ਿਲਮਜ਼ ਨੇ ਦੀਪਿਕਾ ਪਾਦੂਕੋਨ ਨੂੰ ਇਕ ਹੈਰਾਨੀ ਭਰਿਆ ਤੋਹਫ਼ਾ ਦਿੱਤਾ ਹੈ ਤੇ 'ਪਠਾਨ' ਨਾਲ ਸੱਤੇ ਖ਼ੈਰਾਂ ਪਹਿਲਾਂ ਹੀ ਦੀਪੀ ਦੀਆਂ ਹਨ। ਤੋਹਫ਼ਾ ਇਹ ਹੈ ਕਿ ਇਸ ਬੈਨਰ ਦੀ ਨਵੀਂ ਫ਼ਿਲਮ ਵਿਚ ਪਹਿਲੀ ਵਾਰ ਦੀਪਿਕਾ ਦੇ ਨਾਲ ਕੈਟਰੀਨਾ ਕੈਫ਼ ਕੰਮ ਕਰੇਗੀ। ਮੁਕਾਬਲਾ ਦੇਖਣ ਨੂੰ ਮਿਲੇਗਾ। ਸੰਸਾਰ ਦੀਆਂ ਹਸਤੀਆਂ 'ਚ ਦੀਪੀ ਨੂੰ 'ਟਾਈਮ ਮੈਗਜ਼ੀਨ' ਨੇ ਸ਼ਾਮਿਲ ਕਰ ਦਿੱਤਾ ਹੈ ਤੇ ਇਸ ਦੇ ਮੁੱਖ ਪੰਨੇ (ਟਾਈਟਲ ਪੇਜ) 'ਤੇ ਉਸ ਦੀ ਤਸਵੀਰ ਛਾਪੀ ਹੈ। ਇਸ ਸਮੇਂ ਇਹ ਖ਼ੂਬਸੂਰਤ ਅਭਿਨੇਤਰੀ ਨਵੀਂ ਫ਼ਿਲਮ 'ਫਾਈਟਰ' ਦੀ ਤਿਆਰੀ ਕਰ ਰਹੀ ਹੈ। ਫ਼ਿਲਮ 'ਚ ਉਸ ਨਾਲ ਰਿਤਿਕ ਰੌਸ਼ਨ ਤੇ ਅਨਿਲ ਕਪੂਰ ਵੀ ਹਨ। 'ਪ੍ਰੋਜੈਕਟ ਕੇ' ਇਕ ਬੁਹਤ ਵੱਡੀ ਫ਼ਿਲਮ ਹੈ, ਜਿਸ 'ਚ ਦੀਪੀ ਦੇ ਨਾਲ ਦੱਖਣ ਦੇ ਸਟਾਰ ਪ੍ਰਭਾਸ ਤੇ ਸੁਪਰ ਸਟਾਰ ਅਮਿਤਾਭ ਬੱਚਨ ਕੰਮ ਕਰ ਰਹੇ ਹਨ। ਆਪਣੇ ਪੰਜ ਸਾਲ ਦੇ ਵਿਆਹੁਤਾ ਜੀਵਨ 'ਤੇ ਦੀਪਿਕਾ ਪਾਦੂਕੋਨ ਨੇ ਕਿਹਾ ਕਿ ਅੱਜਕਲ੍ਹ ਅਸੀਂ ਤਾਂ ਕੀ, ਆਮ ਤੌਰ 'ਤੇ ਬਹੁਤ ਸਾਰੇ ਵਿਆਹੁਤਾ ਜੋੜਿਆਂ ਦੇ ਵਿਚਾਰ ਅਲੱਗ, ਆਦਤਾਂ ਅਲੱਗ ਹੋਣ ਕਾਰਨ ਅਕਸਰ ਝਗੜਦੇ ਰਹਿੰਦੇ ਹਨ ਤੇ ਉਸ ਦਾ ਵੀ ਇਹੀ ਹਾਲ ਹੈ ਕਿਉਂਕਿ ਦੋ ਭਾਂਡੇ ਤਾਂ ਅਕਸਰ ਖੜਕਦੇ ਹੀ ਹਨ। ਇਹ ਗੱਲ ਉਦੋਂ ਉਸ ਨੇ ਕਹੀ ਹੈ ਜਦ ਮੀਡੀਆ ਨੇ ਦੋਵਾਂ ਦੇ ਝਗੜਨ ਦੀਆਂ ਖ਼ਬਰਾਂ ਮਿਰਚਾਂ-ਮਸਾਲੇ ਲਾ ਕੇ ਸਾਰੇ ਪਾਸੇ ਨਸ਼ਰ ਕੀਤੀਆਂ ਹਨ। 10 ਸਾਲ ਪਹਿਲਾਂ 189 ਕਰੋੜ ਦਾ ਵਪਾਰ ਕਰਨ ਵਾਲੀ ਦੀਪੀ ਦੀ ਸਫਲ ਫ਼ਿਲਮ 'ਯੇ ਜਾਵਨੀ ਯੇ ਦੀਵਾਨੀ' ਦਾ ਅਗਲਾ ਭਾਗ ਹੁਣ ਬਣਨ ਜਾ ਰਿਹਾ ਹੈ। ਇਹ ਖ਼ਬਰ ਖ਼ੁਦ ਰਣਬੀਰ ਕਪੂਰ ਦੇ ਕੈਂਪ ਤੋਂ ਬਾਹਰ ਆਈ ਹੈ। ਦੀਪੀ ਦੇ ਸੰਬੰਧ 'ਚ ਅਫ਼ਵਾਹਾਂ ਦਾ ਬਾਜ਼ਾਰ ਹੁਣ ਘੱਟ ਗਰਮ ਹੁੰਦਾ ਹੈ ਕਿਉਂਕਿ ਉਹ ਇਨ੍ਹਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੰਦੀ ਤੇ ਚੁੱਪ ਰਹਿੰਦੀ ਹੈ। ਇਹੀ ਕਾਰਨ ਹੈ ਕਿ ਆਪਣੇ ਕੰਮ ਵਿਚ ਮਸਤ ਦੀਪਿਕਾ ਦਾ ਵਿਆਹੁਤਾ ਜੀਵਨ ਵੀ ਸੁਖੀ ਹੈ ਤੇ ਫ਼ਿਲਮਾਂ 'ਚ ਮਿਹਨਤਾਨਾ ਵੀ ਉਹ ਸਭ ਤੋਂ ਜ਼ਿਆਦਾ ਲੈ ਰਹੀ ਹੈ। ਯਸ਼ਰਾਜ ਫ਼ਿਲਮਜ਼ ਉਸ 'ਤੇ ਮਿਹਰਬਾਨ ਹੈ ਤਾਂ ਸ਼ਾਹਰੁਖ਼ ਖ਼ਾਨ ਉਸ ਨੂੰ ਕਿਸਮਤ ਦੀ ਖਾਣ ਸਮਝਦਾ ਹੈ। ਫਿਰ ਵੱਡੇ ਸਿਤਾਰੇ, ਵੱਡੇ ਬੈਨਰ ਉਸ ਕੋਲ ਹਨ। ਦੇਖਣ ਤੇ ਵਾਚਣ ਦੀ ਗੱਲ ਇਹ ਵੀ ਹੈ ਕਿ ਦੀਪਿਕਾ ਪਾਦੂਕੋਨ ਇਸ ਸਮੇਂ ਚੋਟੀ 'ਤੇ ਹੈ। ਉਸ ਦੀ ਕੁਰਸੀ ਨੂੰ ਫਿਲਹਾਲ ਕੋਈ ਖ਼ਤਰਾ ਨਹੀਂ ਹੈ। 2023 ਤਾਂ ਕੀ 2024 ਤੱਕ ਵੀ ਦੀਪਿਕਾ ਪਾਦੂਕੋਨ ਦਾ ਨਾਂਅ ਉੱਚ-ਮੁਕਾਮ 'ਤੇ ਰਹੇਗਾ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca


fruiticana hee jaana!
LONG WEEKEND SPECIALS
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden Mangoes 4 kg
ਰਾਜਨ ਹੇਡਨ ਅੰਬ
$15.99 box
EXTRA SUPER SUPER SPECIAL
Tea India 216's
ਟੀ ਇੰਡੀਆ
$7.99 box
Daikon (Moli)
ਮੂਲੀ
99¢ lb
SUPER SPECIAL
Green, Red, Yellow & Orange Bell Peppers
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Spinach
ਪਾਲਕ
$1.49 bunch
Almonds #1
ਬਦਾਮ
$3.98 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
99¢ lb
SUPER SPECIAL
Round Tomatoes
ਗੋਲ ਟਮਾਟਰ
98¢ lb
SUPER SPECIAL
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Rapini (Sarson da Saag)
ਸਰਸੋਂ ਦਾ ਸਾਗ
$2.78 bunch
SUPER SPECIAL
Chickpeas
ਚਿੱਟੇ ਛੋਲੇ
99¢ lb
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Green Cardamom (Elaichi) FG
ਹਰੀ ਇਲਾਇਚੀ ਐਂਫ ਜੀ
$13.99 lb
Cilantro
ਧਨੀਆ
2 bunches for $1.50
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #1
$4.98 bag
Fresh Garlic
ਤਾਜ਼ਾ ਲਸਣ
98¢ lb
Rooh Afza Indian 750 ml
ਰੂਹ ਅਫਜ਼ਾ
$3.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Ginger
ਅਦਰਕ
$2.89 lb
English Cucumbers
ਇੰਗਲਿਸ਼ ਖੀਰੇ
2 for $1.50
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ,ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ( ਇੰਡੀਕੈਂਨ )
$3.98 bag
Product images may differ from the actual product.
Thur May 18, 2023 - Wed May 24, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------ 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. --------------- 604-244-9520